# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 10 ISSUE : 21 SATURDAY, 21 MAY, 2022

www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan


SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St.,Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


# ਸੂਬੇ 'ਚ ਫੈਮਲੀ ਡਾਕਟਰਾਂ ਦੀ ਗੰਭੀਰ ਘਾਟ-ਹੌਰਗਨ ਨੇ ਮੰਨਿਆ



ਵਿਕਟੋਰੀਆ-ਫੈਮਲੀ ਡਾਕਟਰਾਂ ਦੀ ਘਾਟ ਬਾਰੇ ਸ਼ਿਕਾਇਤਾਂ ਆਉਣ ਤੋਂ ਕਈ ਹਫ਼ਤਿਆਂ ਪਿੱਛੋਂ ਪ੍ਰੀਮੀਅਰ ਜੌਹਨ ਹੌਰਗਨ ਨੇ ਇਸ ਹਫ਼ਤੇ ਸਵੀਕਾਰ ਕੀਤਾ ਕਿ ਬੀਸੀ ਵਿਚ ਇਹ ਬਹੁਤ ਗੰਭੀਰ ਸਮੱਸਿਆ ਹੈ। ਪ੍ਰੀਮੀਅਰ ਦਾ ਇਹ ਬਿਆਨ ਉਨ੍ਹਾਂ, ਸਿਹਤ ਮੰਤਰੀ ਐਂਡਰੀਅਨ ਡਿਕਸ ਅਤੇ ਬੀਸੀ ਦੇ ਡਾਕਟਰਾਂ ਵਿਚਕਾਰ ਮੀਟਿੰਗ ਪਿੱਛੋਂ ਆਇਆ ਹੈ। ਮੀਟਿੰਗ ਪਿੱਛੋਂ ਆਪਣੇ ਟਵਿੱਟਰ ਅਕਾਉਂਟ ਵਿਚ ਹੌਰਗਨ ਨੇ ਸਵੀਕਾਰ ਕੀਤਾ ਕਿ ਬਹੁਤ ਸਾਰੇ ਲੋਕਾਂ ਵਲੋਂ ਫੈਮਲੀ ਡਾਕਟਰ ਤੋਂ ਬਿਨਾਂ ਰਹਿਣਾ ਇਕ ਅਸਲ ਸਮੱਸਿਆ ਹੈ। ਉਨ੍ਹਾਂ ਨੇ ਸਮੁੱਚੇ ਬੀਸੀ ਦੇ ਡਾਕਟਰਾਂ ਤੋਂ ਬਹੁਤ ਜ਼ਿਆਦਾ ਘਾਟ ਬਾਰੇ ਸੁਣਿਆਂ ਹੈ ਜਿਨ੍ਹਾਂ ਨੂੰ ਜ਼ਿਆਦਾ ਕੰਮ ਕਰਨਾ ਪੈਂਦਾ ਹੈ ਅਤੇ ਉਹ ਦਬਾਅ ਤੋਂ ਨਿਰਾਸ਼ ਹਨ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਤੇ ਬੀਸੀ ਦੇ ਡਾਕਟਰ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹਨ ਕਿ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਪ੍ਰਾਇਮਰੀ ਕੇਅਰ ਨਾਲ ਜੋੜਿਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਆਪਣੇ ਡਾਕਟਰ ਤੱਕ ਅਨੁਮਾਨਤ ਪਹੁੰਚ ਹੋਣੀ ਚਾਹੀਦੀ ਹੈ।

# ਅਲਬਰਟਾ ਪ੍ਰੀਮੀਅਰ ਜੇਸਨ ਕੈਨੀ ਵੱਲੋਂ ਪਾਰਟੀ ਆਗੂ ਤੇ ਪ੍ਰੀਮੀਅਰ ਵਜੋਂ ਅਸਤੀਫ਼ਾ

## ਲੀਡਰਸ਼ਿਪ ਸਮੀਖਿਆ ਵਿਚ 51.4 ਫ਼ੀਸਦੀ ਨਾਲ ਮਾਮੂਲੀ ਬਹੁਮਤ ਉਪਰੰਤ ਲਿਆ ਫ਼ੈਸਲਾ

ਐਡਮਿੰਟਨ-ਜੈਸਨ ਕੈਨੀ ਨੇ ਆਪਣੀ ਯੂਨਾਈਟਡ ਕੰਸਰਵੇਟਿਵ ਪਾਰਟੀ ਲੀਡਰਸ਼ਿਪ ਸਮੀਖਿਆ ਵਿਚ ਮਾਮੂਲੀ ਬਹੁਮਤ ਪ੍ਰਾਪਤ ਕਰਨ ਪਿੱਛੋਂ ਬੁੱਧਵਾਰ ਰਾਤ ਆਪਣੀ ਪਾਰਟੀ ਦੇ ਨੇਤਾ ਅਤੇ ਅਲਬਰਟਾ ਦੇ ਪ੍ਰੀਮੀਅਰ ਵਜੋਂ ਅਸਤੀਫਾ ਦੇ ਦਿੱਤਾ। ਕੈਲਗਰੀ ਵਿਚ ਸਪਰੂਸ ਮੀਡੋਜ਼ ਵਿਖੇ ਇਕੱਠੀ ਹੋਈ ਭੀੜ ਨੂੰ ਕੈਨੀ ਨੇ ਦੱਸਿਆ ਕਿ 51 ਫ਼ੀਸਦੀ ਵੋਟ ਤਾਂ ਸਿਰਫ ਸੰਵਿਧਾਨਕ ਥ੍ਰੈਸ਼ਹੋਲਡ ਨੂੰ ਪਾਸ ਕਰਦਾ ਹੈ, ਇਸ ਲਈ ਨੇਤਾ ਵਜੋਂ ਬਣੇ ਰਹਿਣ ਲਈ ਇਹ ਸਮਰਥਨ ਢੁਕਵਾਂ ਨਹੀਂ। ਮੈਨੂੰ ਅਫਸੋਸ ਹੈ ਪਰ ਦੋਸਤੋ, ਮੈਂ ਸੱਚਮੁੱਚ ਇਸ ਗੱਲ ਵਿਚ ਵਿਸ਼ਵਾਸ ਕਰਦਾ ਹਾਂ ਕਿ ਸਾਨੂੰ ਇਕਜੁੱਟ ਹੋ ਕੇ ਅੱਗੇ ਵਧਣ ਦੀ ਲੋੜ ਹੈ। ਸਾਨੂੰ ਅਤੀਤ ਨੂੰ ਪਿੱਛੇ ਛੱਡਣ ਦੀ ਲੋੜ ਹੈ ਅਤੇ ਸਾਡੇ ਵੱਡੀ ਗਿਣਤੀ ਵਿਚ ਮੈਂਬਰਾਂ ਨੇ ਲੀਡਰਸ਼ਿਪ ਚੋਣ ਰਾਹੀਂ ਔਖੀ ਸਥਿਤੀ 'ਤੇ ਕਾਬੂ ਪਾਉਣ ਦਾ

(ਬਾਕੀ ਸ.ਫਾ 10 'ਤੇ)



## ਜਨਤਕ ਸੇਵਾ ਲਈ ਕੈਨੀ ਦਾ ਧੰਨਵਾਦ

ਵਿਰੋਧੀ ਤੇ ਯੂਸੀਪੀ ਐਮ ਐਲ ਏ ਬਰਾਇਨ ਜੀਨ ਨੇ ਕੈਨੀ ਦਾ ਉਨ੍ਹਾਂ ਦੀ ਜਨਤਕ ਸੇਵਾ ਅਤੇ ਸਨਮਾਨਯੋਗ ਰਵਾਇਤ ਲਈ ਧੰਨਵਾਦ ਕੀਤਾ ਹੈ। ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਉਹ ਆਸ ਕਰਦਾ ਹੈ ਕਿ ਅਗਲੇ ਕੁਝ ਦਿਨਾਂ ਵਿਚ ਪਾਰਟੀ ਲੀਡਰਸ਼ਿਪ ਚੋਣ ਦਾ ਐਲਾਨ ਕਰੇਗੀ ਅਤੇ ਉਹ ਆਪਣਾ ਨਾਂਅ ਅੱਗੇ ਪੇਸ਼ ਕਰਨ ਦਾ ਇਰਾਦਾ ਰੱਖਦਾ ਹੈ। ਐਨਡੀਪੀ ਨੇਤਾ ਰੇਚਲ ਨੋਟਲੀ ਨੇ ਵੀ ਕੈਨੀ ਦਾ ਧੰਨਵਾਦ ਕੀਤਾ ਹੈ ਅਤੇ ਕਿਹਾ ਕਿ ਉਹ ਬਾਅਦ ਵਿਚ ਹੋਰ ਕੁਝ ਕਹੇਗੀ। ਕਈ ਗੱਲਾਂ ਹਨ ਜਿਨ੍ਹਾਂ 'ਤੇ ਅਸੀਂ ਸਹਿਮਤ ਨਹੀਂ ਸੀ ਪਰ ਪ੍ਰੀਮੀਅਰ ਦੀ ਭੂਮਿਕਾ ਨਿਭਾਉਣ ਵਿਚ ਉਨ੍ਹਾਂ ਦੇ ਸਮੇਂ ਤੇ ਕੁਰਬਾਨੀ ਨੂੰ ਨਕਾਰਿਆ ਨਹੀਂ ਜਾ ਸਕਦਾ। ਉਸ ਨੇ ਟਵੀਟ ਕਰਦਿਆਂ ਕਿਹਾ ਕਿ ਕੰਮ ਕਦੇ ਵੀ ਆਸਾਨ ਨਹੀਂ ਹੁੰਦਾ। ਦਿਨ ਲੰਬੇ ਤੇ ਅਕਸਰ ਮੁਸ਼ਕਿਲ ਵਾਲੇ ਹੁੰਦੇ ਹਨ। ਉਹ ਜੇਸਨ ਨੂੰ ਸ਼ੁਭ ਕਾਮਨਾਵਾਂ ਦਿੰਦੀ ਹੈ।


For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਝਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com



ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca



BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
778-723-6900



A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222



Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ
- ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca



Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA



Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com



ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca



TRANSource FREIGHTWAYS
*First Time Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112



ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey



ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL.: 10 ISSUE: 21 SATURDAY, 21 MAY, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਕਾਂਗਰਸ ਨੂੰ ਅਲਵਿਦਾ ਕਹਿਣ ਉਪਰੰਤ ਸੁਨੀਲ ਜਾਖੜ ਭਾਜਪਾ ਵਿਚ ਸ਼ਾਮਿਲ

ਨਵੀ ਦਿੱਲੀ-ਪੰਜਾਬ ਦੇ ਸਾਬਕਾ ਕਾਂਗਰਸੀ ਨੇਤਾ ਸੁਨੀਲ ਜਾਖੜ ਦਿੱਲੀ ਚ ਭਾਜਪਾ 'ਚ ਸ਼ਾਮਲ ਹੋ ਗਏ। ਪਾਰਟੀ ਨੂੰ ਅਲਵਿਦਾ ਕਹਿਣ ਤੋਂ ਬਾਅਦ ਸ੍ਰੀ ਜਾਖੜ ਦਿੱਲੀ 'ਚ ਹਨ। ਉਨ੍ਹਾਂ ਨੂੰ ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ ਨੇ ਪਾਰਟੀ ਦੀ ਮੈਂਬਰਸ਼ਿਪ ਦਿੱਤੀ। ਸ੍ਰੀ ਜਾਖੜ ਦੇ ਨੇੜਲੇ ਸੂਤਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਰਾਜ ਸਭਾ ਲਈ ਨਾਮਜ਼ਦ ਕੀਤਾ ਜਾ ਸਕਦਾ ਹੈ ਅਤੇ ਪੰਜਾਬ ਵਿਚ ਉਨ੍ਹਾਂ ਨੂੰ ਕੁਝ ਜ਼ਿੰਮੇਵਾਰੀ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਕਾਂਗਰਸ ਹਾਈਕਮਾਨ ਨੇ ਜਾਖੜ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਕਰਦੇ ਹੋਏ ਸਾਰੇ ਅਹੁਦੇ ਵਾਪਸ ਲੈ ਲਏ ਸਨ। ਕਾਂਗਰਸ ਹਾਈਕਮਾਨ ਤੋ ਨਾਰਾਜ਼ ਜਾਖੜ ਨੇ ਫੇਸਬੁੱਕ ਤੇ ਲਾਈਵ ਹੋ ਕੇ ਸੋਨੀਆ ਗਾਂਧੀ ਨੂੰ ਖਰੀਆਂ-ਖਰੀਆਂ ਸੁਣਾਈਆਂ ਅਤੇ ਅੰਬਿਕਾ ਸੋਨੀ ਖ਼ਿਲਾਫ਼ ਨਿਸ਼ਾਨੇ ਲਾਏ। ਜਾਖੜ ਪਰਿਵਾਰ ਵੱਲੋਂ ਕਾਂਗਰਸ ਨੂੰ ਦਿੱਤੇ ਗਏ (ਬਾਕੀ ਸਫ਼ਾ 10 'ਤੇ)




# ਸੁਪਰੀਮ ਕੋਰਟ ਵੱਲੋਂ ਨਵਜੋਤ ਸਿੱਧੂ ਨੂੰ ਇਕ ਸਾਲ ਕੈਦ ਦੀ ਸਜ਼ਾ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਨੂੰ 1988 ਦੇ ਰੋਡ ਰੇਜ ਮਾਮਲੇ 'ਚ ਇਕ ਸਾਲ ਦੀ ਸਜ਼ਾ ਸੁਣਾਈ ਹੈ। ਜਸਟਿਸ ਏ ਐੱਮ ਖਾਨਵਿਲਕਰ ਅਤੇ ਐੱਸ ਕੇ ਕੌਲ ਦੇ ਬੈਂਚ ਨੇ ਸਿੱਧੂ ਨੂੰ ਦਿੱਤੀ ਗਈ ਸਜ਼ਾ ਦੇ ਮੁੱਦੇ 'ਤੇ ਪੀੜਪਰਿਵਾਰ ਵੱਲੋਂ ਦਾਇਰ ਸਮੀਖਿਆ ਪਟੀਸ਼ਨ ਨੂੰ ਮਨਜ਼ੂਰ ਕਰ ਲਿਆ। ਹਾਲਾਂਕਿ ਸੁਪਰੀਮ ਕੋਰਟ ਨੇ ਮਈ 2018 ਵਿੱਚ ਸਿੱਧੂ ਨੂੰ ਇਸ ਮਾਮਲੇ ਵਿੱਚ 65 ਸਾਲਾ ਵਿਅਕਤੀ ਨੂੰ ਜਾਣ ਬੁੱਝ ਕੇ ਸੱਟ ਪਹੁੰਚਾਉਣ ਦੇ ਜੁਰਮ ਲਈ ਦੋਸ਼ੀ ਠਹਿਰਾਇਆ ਸੀ ਪਰ 1,000 ਰੁਪਏ ਦਾ ਜੁਰਮਾਨਾ ਲਗਾਉਣ ਤੋਂ ਬਾਅਦ ਬਰੀ ਕਰ ਦਿੱਤਾ ਗਿਆ ਸੀ। ਇਸ



## ਸਿੱਧੂ ਦੀ ਸਿਹਤ ਅਚਾਨਕ 'ਵਿਗੜੀ'-ਸੁਪਰੀਮ ਕੋਰਟ ਤੋਂ ਕੁੱਝ ਹਫ਼ਤਿਆਂ ਦਾ ਸਮਾਂ ਮੰਗਿਆ

ਦੌਰਾਨ ਇਕ ਸਾਲ ਦੀ ਸਜ਼ਾ ਸੁਣਾਏ ਜਾਣ ਬਾਅਦ ਸਿੱਧੂ ਨੇ ਟਵੀਟ ਕਰਦਿਆਂ ਕਿਹਾ ਹੈ ਕਿ ਉਹ ਕਾਨੂੰਨ ਦਾ ਸਨਮਾਨ ਕਰਨਗੇ।

ਓਧਰ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ ਸਿਹਤ ਠੀਕ ਨਾ ਹੋਣ ਦਾ ਹਵਾਲਾ ਦੇ ਕੇ 1988 ਦੇ 'ਰੋਡ ਰੇਜ' ਕੇਸ ਵਿੱਚ ਸੁਣਾਈ

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| | | | |
|---|---|---|---|
| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਈਰਾਨ ਨੂੰ ਵੈਨਕੂਵਰ ਫੁੱਟਬਾਲ ਲਈ ਦੋਸਤਾਨਾ ਮੈਚ ਲਈ ਸੱਦਾ ਦੇਣਾ ਵਧੀਆ ਵਿਚਾਰ ਨਹੀਂ-ਟਰੂਡੋ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਵੈਨਕੂਵਰ ਫੁੱਟਬਾਲ ਲਈ ਈਰਾਨ ਨੂੰ ਦੋਸਤਾਨਾ ਖੇਡ ਲਈ ਸੱਦਾ ਦੇਣਾ ਕੋਈ ਚੰਗਾ ਵਿਚਾਰ ਨਹੀਂ। ਸੇਂਟ ਜੌਹਾਨ ਵਿਚ ਟਰੂਡੋ ਨੂੰ ਜਦੋਂ ਮੈਚ ਬਾਰੇ ਪੁੱਛਿਆ ਗਿਆ ਕਿ ਇਹ ਸੌਸਰ ਕੈਨੇਡਾ ਦੀ ਚੋਣ ਹੈ।






ਉਡਾਨ ਪੀਐਸ752 ਵਿਚ ਮਰੇ ਵਿਅਕਤੀਆਂ ਦੇ ਪਰਿਵਾਰਾਂ ਦੀ ਐਸੋਸੀਏਸ਼ਨ ਕੈਨੇਡਾ ਸੌਸਰ ਨੇ ਖੇਡ ਨੂੰ ਤੁਰੰਤ ਰੱਦ ਕਰਨ ਦਾ ਸੱਦਾ ਦਿੱਤਾ ਹੈ। ਮੈਟਰੋ ਦੇ ਇਕ ਵਿਅਕਤੀ ਜਿਸ ਨੇ ਈਰਾਨ ਵਲੋਂ ਯੂਕਰੇਨੀ ਏਅਰਲਾਈਨ ਦੇ ਜਹਾਜ਼ ਨੂੰ ਮਿਜ਼ਾਈਲ ਮਾਰ ਕੇ ਸੁੱਟਣ ਸਮੇਂ ਦੋਸਤਾਂ ਨੂੰ ਗੁਆਇਆ ਸੀ, ਕੁਝ ਈਰਾਨੀ ਕੈਨੇਡੀਅਨਾਂ ਵਲੋਂ ਵੈਨਕੂਵਰ ਵਿਚ ਕੈਨੇਡੀਅਨਾਂ ਤੇ ਈਰਾਨੀਆਂ ਵਿਸ਼ਵ ਫੁੱਟਬਾਲ ਕੱਪ ਦਾ ਦੋਸਤਾਨਾ ਮੈਚ ਰੱਦ ਕਰਨ ਦੇ ਸੱਦੇ ਨੂੰ ਰੱਦ ਕਰ ਰਿਹਾ ਹੈ। ਨਵੀਦ ਸੋਰਖੋ ਨੇ ਕਿਹਾ ਕਿ ਉਹ ਕੌਮੀ ਟੀਮ ਲਈ ਖੇਡਣ ਵਾਲੇ ਨੌਜਵਾਨਾਂ ਨੂੰ ਈਰਾਨ ਸਰਕਾਰ ਨਾਲ ਨਹੀਂ ਮਿਲਾਉਂਦਾ, ਉਹ ਤਾਂ ਮਾਣਮੱਤੇ ਫੁੱਟਬਾਲ ਖਿਡਾਰੀ ਹਨ ਅਤੇ ਸਾਨੂੰ ਖੇਡਣ ਲਈ ਉਨ੍ਹਾਂ ਨੂੰ ਸਜ਼ਾ ਨਹੀਂ ਦੇਣੀ ਚਾਹੀਦੀ। ਸੋਰਖੋ ਜਿਸ ਦਾ ਦੋਸਤ ਅਤੇ ਸਾਥੀ ਇੰਜੀਨੀਰ ਐਰਡੈਲਨ ਇਬਨੋਦੀਨ ਹਮੀਦੀ ਦੀ ਆਪਣੀ ਪਤਨੀ ਤੇ ਪੁੱਤਰ ਨਾਲ ਉਡਾਨ 752 ਵਿਚ ਮੌਤ ਹੋ ਗਈ ਸੀ ਖੁਦ ਖੇਡ ਦੇਖਣ ਜਾ ਰਿਹਾ ਹੈ। ਸੋਰਖੋ ਦਾ ਖਿਆਲ ਹੈ ਕਿ ਖੇਡ ਲਈ ਟਿਕਟਾਂ ਵਿਕ ਗਈਆਂ ਹਨ ਕਿਉਂਕਿ ਲੋਅਰ ਮੇਨਲੈਂਡ ਵਿਚ ਵੱਡੀ ਗਿਣਤੀ ਵਿਚ ਈਰਾਨੀ ਲੋਕ ਰਹਿੰਦੇ ਹਨ ਜਿਨ੍ਹਾਂ ਵਿਚੋਂ ਬਹੁਤ ਸਾਰੇ ਟੀਮ ਨੂੰ ਖੇਡਦੇ ਦੇਖਣ ਲਈ ਉਤਸ਼ਾਹਿਤ ਹਨ। ਉਸ ਨੂੰ ਕੋਈ ਸ਼ੱਕ ਨਹੀਂ ਕਿ ਕੈਨੇਡਾ ਵਿਚ ਉਨ੍ਹਾਂ ਦਾ ਸਵਾਗਤ ਕੀਤਾ ਜਾਵੇਗਾ। ਉਹ ਪੇਸ਼ੀਨਗੋਈ ਕਰਦਾ ਹੈ ਕਿ ਲੋਕ ਮੁਜ਼ਾਹਰਾ ਕਰਨਗੇ। ਉਹ ਚਾਹੁੰਦੇ ਹਨ ਕਿ ਈਰਾਨੀ ਸਰਕਾਰ ਉਨ੍ਹਾਂ ਦੀਆਂ ਆਵਾਜ਼ਾਂ ਨੂੰ ਸੁਣੇ ਪਰ ਸੋਰਖੋ ਇਸ ਨੂੰ ਇਕ ਚੰਗੀ ਚੀਜ਼ ਵਜੋਂ ਦੇਖਦੇ ਹੈ। ਈਰਾਨ ਵਿਚ ਇਸ ਨਾਲ ਕੁਝ ਨਾ ਕੁਝ ਹਿਲਜੁਲ ਹੋ ਸਕਦੀ ਹੈ। ਉਸ ਨੇ ਦੱਸਿਆ ਕਿ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਵਿਦੇਸ਼ ਵਿਚ ਰਹਿੰਦਾ ਈਰਾਨੀ ਭਾਈਚਾਰਾ ਈਰਾਨੀ ਸਰਕਾਰ ਦੀ ਵਿਰੋਧਤਾ ਕਰਦਾ ਹੈ। ਉਡਾਨ ਪੀਐਸ 752 ਦੇ ਸ਼ਿਕਾਰ ਵਿਅਕਤੀਆਂ ਦੇ ਪਰਿਵਾਰਾਂ ਦੀ ਐਸੋਸੀਏਸ਼ਨ ਦੇ ਬੁਲਾਰੇ ਹਾਮੇਦ ਇਸਮਾਈਲੀਅਨ ਨੇ ਕਿਹਾ ਕਿ ਜਦੋਂ ਦੀ ਅਫਵਾਹ ਫੈਲੀ ਹੈ ਉਸ ਸਮੇਂ ਤੋਂ ਉਨ੍ਹਾਂ ਦਾ ਗਰੁੱਪ ਮੈਚ ਦੇ ਖਿਲਾਫ ਹੈ।

## ਮੈਟਰੋ ਵੈਨਕੂਵਰ ਟਰਾਂਜ਼ਿਟ ਪੁਲਿਸ ਅਫਸਰ ਰੰਧਾਵਾ ਖਿਲਾਫ ਖ਼ਤਰਨਾਕ ਡਰਾਈਵਿੰਗ ਦੇ ਦੋਸ਼

ਵੈਨਕੂਵਰ-2020 ਵਿਚ ਸਰੀ ਵਿਚ ਹੋਈ ਟੱਕਰ ਪਿੱਛੋਂ ਮੈਟਰੋ ਵੈਨਕੂਵਰ ਦੇ ਟਰਾਂਜ਼ਿਟ ਪੁਲਿਸ ਅਫਸਰ ਖਿਲਾਫ ਖ਼ਤਰਨਾਕ ਡਰਾਈਵਿੰਗ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਬੁੱਧਵਾਰ ਜਾਰੀ ਇਕ ਬਿਆਨ ਮੁਤਾਬਿਕ ਟਰਾਂਜਿਟ ਪੁਲਿਸ ਅਫਸਰ ਰਣਦੀਪ ਰੰਧਾਵਾ ਖਿਲਾਫ ਖਤਰਨਾਕ ਡਰਾਈਵਿੰਗ ਕਰਕੇ ਸਰੀਰਕ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾਇਆ ਹੈ। ਦੋਸ਼ਾਂ ਨੂੰ ਇਕ ਤਜਰਬੇਕਾਰ ਕਰਾਊਨ ਕੌਂਸਲ ਨੇ ਪ੍ਰਵਾਨਗੀ ਦਿੱਤੀ ਹੈ ਜਿਸ ਦਾ ਰੰਧਾਵਾ ਨਾਲ ਪਹਿਲਾਂ ਜਾਂ ਮੌਜੂਦਾ ਸਮੇਂ ਕੋਈ ਸਬੰਧ ਨਹੀਂ। ਜਨਵਰੀ 2021 ਵਿਚ ਇੰਡੀਪੈਂਡੈਂਟ ਇਨਵੈਸਟੀਗੇਸ਼ਨ ਆਫਿਸ ਜਿਹੜਾ ਕਿਸੇ ਪੁਲਿਸ ਅਫਸਰ ਦੇ ਘਟਨਾ ਵਿਚ ਸ਼ਾਮਿਲ ਹੋਣ ਕਾਰਨ ਜਾਂਚ ਕਰਦਾ ਸੀ ਜਿਸ ਵਿਚ ਕਿਸੇ ਨੂੰ ਸੱਟ ਲੱਗਦੀ ਹੈ ਜਾਂ ਮੌਤ ਹੁੰਦੀ ਹੈ ਨੇ ਦੱਸਿਆ ਸੀ ਕਿ ਉਹ 4 ਨਵੰਬਰ 2020 ਨੂੰ ਸਰੀ ਵਿਚ ਵਾਪਰੀ ਮੋਟਰ ਵਹੀਕਲ ਘਟਨਾ ਦੀ ਜਾਂਚ ਕਰ ਰਿਹਾ ਹੈ।






# ਪ੍ਰਿੰਸ ਚਾਰਲਸ ਤੇ ਕੈਮਿਲਾ ਕੈਨੇਡਾ ਦੌਰੇ ’ਤੇ

## ਓਟਵਾ ’ਚ ਯੂਕਰੇਨੀ ਚਰਚ ਵਿਚ ਪ੍ਰਾਥਨਾ ਕੀਤੀ

ਓਟਵਾ-ਪ੍ਰਿੰਸ ਚਾਰਲਸ ਤੇ ਡੱਚੇਸ ਆਫ ਕਾਰਨਵਾਲ ਕੈਮਿਲਾ ਨੇ ਓਟਵਾ ਵਿਚ ਯੂਕਰੇਨੀ ਆਰਥੋਡਿਕਸ ਗਿਰਜਾਘਰ ਵਿਚ ਮੋਮਬੱਤੀਆਂ ਜਗਾਈਆਂ ਤੇ ਪ੍ਰਾਰਥਨਾ ਕੀਤੀ ਜਦਕਿ ਇਕੱਤਰ ਹੋਏ ਲੋਕਾਂ ਨੇ ਨੀਲੇ ਤੇ ਪੀਲੇ ਰੰਗ ਤੋਂ ਇਲਾਵਾ ਯੂਨੀਅਨ ਜੈਕ ਦੇ ਝੰਡੇ ਲਹਿਰਾਏ। ਕੈਨੇਡਾ ਦੇ ਆਪਣਾ ਪਲਾਟੀਨਮ ਜੁਬਲੀ ਦੌਰੇ ਦੇ ਦੂਸਰੇ ਦਿਨ ਸ਼ਾਹੀ ਜੋੜੇ ਨੇ ਜੰਗ ਦੀ ਮਾਰ ਹੇਠ ਆਏ ਦੇਸ਼ ਦੇ ਸਮਰਥਨ ਵਿਚ ਗਿਰਜਾਘਰ ਦਾ ਦੌਰਾ ਕੀਤਾ। ਚਰਚ ਦੇ ਪਾਦਰੀ ਨੇ ਸ਼ਾਹੀ ਜੋੜੇ ਨੂੰ ਦੱਸਿਆ ਕਿ ਸ਼ਾਹੀ ਪਰਿਵਾਰ ਦੇ ਸਮਰਥਨ ਲਈ ਯੂਕਰੇਨੀ ਭਾਈਚਾਰਾ ਧੰਨਵਾਦ ਕਰਦਾ ਹੈ। ਪ੍ਰਿੰਸ ਚਾਰਲਸ ਤੇ ਕੈਮਿਲਾ ਮੰਗਲਵਾਰ ਕੈਨੇਡਾ ਪੁੱਜੇ ਸਨ ਅਤੇ ਉਨ੍ਹਾਂ ਪੂਰਾ ਦਿਨ ਨਿਊਫਾਊਂਡਲੈਂਡ ਤੇ ਲੈਬਰਾਡੋਰ ਵਿਚ ਬਤੀਤ ਕੀਤਾ। ਉਨ੍ਹਾਂ ਨੇ ਨੈਸ਼ਨਲ ਵਾਰ ਮੈਮੋਰੀਅਲ ਤੇ ਬਾਇਵਰਡ ਮਾਰਕੀਟ ਦਾ ਦੌਰਾ ਵੀ ਕੀਤਾ। ਫਾਦਰ ਇਹਰ ਕੁਤਾਸ਼ ਨੇ ਦੱਸਿਆ ਕਿ ਤੁਹਾਡਾ ਦੇਸ਼ ਸੱਚਮੁੱਚੀ ਯੂਕਰੇਨ ਦਾ ਦੋਸਤ ਹੈ। ਤੁਸੀਂ ਸਿਰਫ ਮਦਦ ਹੀ ਨਹੀਂ ਕੀਤੀ ਸਗੋਂ ਉਥੇ ਰਹਿਣ ਵਾਲੇ ਲੋਕਾਂ ਦੀ ਵੀ ਸਾਰ ਲਈ ਹੈ। ਸ਼ਾਹੀ ਜੋੜੇ ਨੂੰ ਦੇਖਣ ਤੇ ਮਿਲਣ ਦਾ ਲੋਕਾਂ ਨੂੰ ਕਾਫੀ ਚਾਅ ਸੀ।

## ਵਿੰਟਰਜ਼ ਹੋਟਲ ਵਿਚ ਅੱਗ ਨਾਲ ਮਰਨ ਵਾਲੇ ਵਿਅਕਤੀਆਂ ਦੇ ਨਾਵਾਂ ਦੀ ਪੁਸ਼ਟੀ

ਵੈਨਕੂਵਰ-ਪੁਲਿਸ ਨੇ ਉਨ੍ਹਾਂ ਦੋ ਵਿਅਕਤੀਆਂ ਦੀ ਪਛਾਣ ਦੀ ਪੁਸ਼ਟੀ ਕੀਤੀ ਹੈ ਜਿਨ੍ਹਾਂ ਦੀ ਪਿਛਲੇ ਮਹੀਨੇ ਵਿੰਟਰਜ਼ ਹੋਟਲ ਵਿਖੇ ਅੱਗ ਵਿਚ ਮੌਤ ਹੋ ਗਈ ਸੀ। 68 ਸਾਲਾ ਮੈਰੀ ਗਾਰਲੋ ਅਤੇ 53 ਸਾਲਾ ਡੇਨਿਸ ਗੁਏ ਦੀ ਪਛਾਣ ਡੀਐਨਏ ਟੈਸਟ ਨਾਲ ਹੋਈ ਹੈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰਾਂ ਨੂੰ ਜਾਣਕਾਰੀ ਦੇ ਦਿੱਤੀ ਗਈ ਹੈ। 11 ਅਪ੍ਰੈਲ ਦੀ ਅੱਗ ਤੋਂ ਥੋੜੀ ਦੇਰ ਬਾਅਦ ਵਿਚ ਪਰਿਵਾਰ ਦੇ ਪੀੜਤਾਂ ਵਿਚੋਂ ਇਕ ਨੇ ਗਾਰਲੋ ਦੀ ਪਛਾਣ ਕਰ ਲਈ ਜਦਕਿ ਗੁਏ ਉਦੋਂ ਤਕ ਅਣਪਛਾਤਾ ਰਿਹਾ ਜਦੋਂ ਤਕ ਪੁਲਿਸ ਨੇ ਪੁਸ਼ਟੀ ਨਹੀਂ ਕੀਤੀ। 11 ਅਪ੍ਰੈਲ ਨੂੰ ਲੱਗੀ ਅੱਗ ਵਿਚ ਦੋ ਵਿਅਕਤੀਆਂ ਦੀ ਮੌਤ ਹੋ ਗਈ, ਪੰਜ ਜ਼ਖ਼ਮੀ ਹੋ ਗਏ ਸਨ ਅਤੇ ਇਮਾਰਤ ਨਸ਼ਟ ਹੋ ਗਈ ਸੀ। ਵੈਨਕੂਵਰ ਦੀ ਯੂਨੀਅਨ ਗੋਸਪੇਲ ਮਿਸ਼ਨ ਦੇ ਕੇਸਵਰਕਰਜ਼ ਨੇ ਗੁਏ ਨੂੰ ਇਕ ਖੁਸ਼ਕਿਸਮਤ ਸੰਗੀਤਕਾਰ ਵਜੋਂ ਪੇਸ਼ ਕੀਤਾ ਜਿਹੜਾ ਹਰ ਕਿਸੇ ਨੂੰ ਗਟਾਰ ਵਜਾਉਣੀ ਸਿਖਾਉਣਾ ਚਾਹੁੰਦਾ ਸੀ। ਯੂਜੀਐਮ ਨੇ ਉਸ ਵਲੋਂ ਅੱਗ ਤੋਂ ਅਗਲੇ ਹਫਤੇ ਰੱਖੀ ਹੈਲਥ ਅਪਾਇੰਟਮੈਂਟ ਲਈ ਨਾ ਪਹੁੰਚਣ ਪਿਛੋਂ ਯੂਜੀਐਮ ਨੇ 26 ਅਪ੍ਰੈਲ ਨੂੰ ਉਸ ਦੇ ਗੁੰਮ ਹੋਣ ਬਾਰੇ ਰਿਪੋਰਟ ਦਿੱਤੀ ਸੀ।

## ਫਾਲਕਨ ਵਲੋਂ ਬੀਸੀ ਦੀ ਪ੍ਰੀਮੀਅਰ ’ਤੇ ‘ਵੈਨਿਟੀ ਪ੍ਰਾਜੈਕਟ ਲਈ ਹਮਲਾ

ਵਿਕਟੋਰੀਆ-ਜਦੋਂ ਸੋਮਵਾਰ ਕੇਵਿਨ ਫਾਲਕਨ ਨੇ ਲੈਜਿਸਲੇਚਰ ਵਿਚ ਆਪਣੀ ਸੀਟ ਸੰਭਾਲੀ ਤਾਂ ਉਨ੍ਹਾਂ ਨੇ ਵਿਰੋਧੀ ਧਿਰ ਦੇ ਨੇਤਾ ਵਜੋਂ ਇਕ ਨਿਸ਼ਾਨਾ ਭਰਪੂਰ ਮਾਹੌਲ ਵਿਚ ਕਦਮ ਧਰਿਆ। ਉਨ੍ਹਾਂ ਨੇ ਵੈਨਿਟੀ ਪ੍ਰਾਜੈਕਟ (ਸਸਤੇ ਕੰਮ ਲਈ ਪ੍ਰਸ਼ੰਸਾ ਖੱਟਣੀ) ਲਈ ਪ੍ਰੀਮੀਅਰ ਜੌਹਨ ਹੌਰਗਾਨ ’ਤੇ ਹਮਲਾ ਕੀਤਾ ਹੈ। ਦੋ ਸਾਲ ਮਹਾਂਮਾਰੀ ਸੂਬੇ ਵਿਚ ਪ੍ਰਮੁੱਖ ਮੁੱਦਾ ਰਿਹਾ ਹੈ ਅਤੇ ਹੋਰ ਸਾਰੀਆਂ ਕਹਾਣੀਆਂ ਅਤੇ ਚਿੰਤਾਵਾਂ ਨੂੰ ਗਲਤ ਜਾਂ ਸਹੀ ਤਰੀਕੇ ਨਾਲ ਲਾਂਭੇ ਕਰ ਦਿੱਤਾ ਗਿਆ। ਹੁਣ ਦੂਸਰੀਆਂ ਕਹਾਣੀਆਂ ਤੇ ਚਿੰਤਾਵਾਂ ਨਿਊਜ਼ ਲਾਈਨ ਅਪ ਅਤੇ ਸੋਸ਼ਲ ਮੀਡੀਆ ਸਾਈਟਾਂ ਦੇ ਫਰੰਟ ਪੇਜਾਂ ’ਤੇ ਵਾਪਸ ਆ ਰਹੀਆਂ ਹਨ। ਹੁਣ ਫਿਰ ਮਹਿੰਗਾਈ, ਸੜਕਾਂ ’ਤੇ ਅਪਰਾਧ, ਫੈਮਿਲੀ ਡਾਕਟਰਾਂ ਦੀ ਘਾਟ, ਐਮਰਜੈਂਸੀ ਵਾਰਡਾਂ ਵਿਚ ਉਡੀਕ ਸਮਾਂ, ਹਾਊਸਿੰਗ ਸਮਰੱਥਾ ਤੇ ਗੈਸੋਲੀਨ ਦੀਆਂ ਕੀਮਤਾਂ ਦੇ ਮੁੱਦੇ ਉਭਰ ਰਹੇ ਹਨ। ਫਾਲਕਨ ਵਿਰੋਧੀ ਧਿਰ ਦੇ ਨੇਤਾ ਵਜੋਂ ਜਦੋਂ ਆਪਣੇ ਪਹਿਲੇ ਪ੍ਰਸ਼ਨ ਕਾਲ ਦੇ ਨੇੜੇ ਪਹੁੰਚਾ ਤਾਂ ਇਸ ਬਾਰੇ ਵਿਅਰਥ ਅਟਕਲਾਂ ਲਗਾਈਆਂ ਜਾ ਰਹੀਆਂ ਸਨ ਕਿ ਉਹ ਕਿਹੜੀਆਂ ਮੁੱਦਿਆਂ ਦੀ ਅਗਵਾਈ ਕਰਨਗੇ।

## ਜਰਨੈਲ ਐੱਸ. ਰਤਨ ਨਮਿੱਤ ਅੰਤਿਮ ਅਰਦਾਸ 28 ਮਈ ਨੂੰ

ਬੜੀ ਦੁਖਦਾਈ ਖ਼ਬਰ ਹੈ ਕਿ ਸ: ਜਰਨੈਲ ਐਸ ਰਤਨ, ਜਿਨ੍ਹਾਂ ਦਾ ਜੱਦੀ ਪਿੰਡ ਤਖਾਣਵਧ (ਜ਼ਿਲ੍ਹਾ) ਮੋਗਾ ਸੀ, ਆਪਣੀ ਸੰਸਾਰਕ



ਯਾਤਰਾ ਪੂਰੀ ਕਰਨ ਤੋਂ ਬਾਅਦ 18 ਮਈ, 2022 ਨੂੰ ਅਚਾਨਕ ਸਦੀਵੀਂ ਵਿਛੋੜਾ ਦੇ ਗਏ ਹਨ। ਉਹ 1965 ਤੋਂ ਵੈਨਕੂਵਰ, ਬੀ.ਸੀ. ਵਿਖੇ ਰਹਿ ਰਹੇ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਸਨਿਚਰਵਾਰ, 28 ਮਈ ਨੂੰ ਦੁਪਹਿਰ 2 ਵਜੇ 7410 ਹਾਪਕੌਟ ਰੋਡ, ਡੈਲਟਾ, ਬੀ.ਸੀ. ਵਿਖੇ ਸਥਿਤ ਫਾਈਵ ਰਿਵਰਜ਼ ਫਿਊਨਰਲ ਹੋਮ ਵਿਖੇ ਕੀਤਾ ਜਾਵੇਗਾ। ਉਨ੍ਹਾਂ ਨਮਿੱਤ ਅੰਤਿਮ ਅਰਦਾਸ 5588 ਜੋਇਸ ਸੇਂਟ ਵੈਨਕੂਵਰ ਸਥਿਤ ਸਤਿ ਗੁਰੂ ਰਾਮ ਸਿੰਘ ਸਤਿਸੰਗ ਵਿਖੇ ਸ਼ਾਮ 4 ਵਜੇ ਹੋਵੇਗੀ। ਸ: ਜਰਨੈਲ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਇਨ੍ਹਾਂ ਨੰਬਰਾਂ ’ਤੇ ਸੰਪਰਕ ਕੀਤਾ ਜਾ ਸਕਦਾ ਹੈ :- ਬੌਬੀ ਰਤਨ (ਪੁੱਤਰ) 604-889-1091, ਕਰਨੈਲ ਸਿੰਘ ਰਤਨ (ਭਰਾ) 604-324-1143, ਹਰਨੇਕ ਸਿੰਘ ਰਤਨ (ਭਰਾ) 604-323-5222 ਅਤੇ ਸੁਰਜੀਤ ਸਿੰਘ ਰਤਨ (ਭਰਾ) 604-218-0069.





ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ?

ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।

WE REDUCE YOUR DEBT UP TO MAXIMUM LEVEL
WE HELP WITH ALL UNSECURED DEBT

ਕਿਸੇ ਤਰ੍ਹਾਂ ਦੀ ਵੀ ਫਾਈਨੈਸ਼ਲ ਪ੍ਰੋਬਲਮ ਹੋਵੇ

- ਕ੍ਰੈਡਿਟ ਕਾਰਡ - ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਲਾਈਨ ਆਫ ਕ੍ਰੈਡਿਟ - ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।

Any type of Financial Problems?

- Credit Cards - line of Credit
- Pay Day Loans - Retail Store Cards
- Bank Overdraft - GST/PST Debt
- CRA Debt

Any Business or Personal loans
Cut your debt up to
70% or more

Free Confidential Advice
Kulwinder Bains
Certified Credit Counseller
778 998 9402



DAY AND NIGHT LABOUR LTD.



ਗਰੀਨ ਹਾਊਸ ਵਰਕਰਾਂ ਦੀ ਲੋੜ

- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

# ਵਿਦੇਸ਼ੀ ਆਰਜੀ ਕਾਮਿਆਂ ਦੀ ਪੀ ਆਰ ਪ੍ਰਕਿਰਿਆ ਨੂੰ ਸੌਖਾਲਾ ਬਣਾਉਣ ਲਈ ਪ੍ਰਾਈਵੇਟ ਬਿਲ ਦਾ ਪਾਸ ਹੋਣ ਸਰਾਹਨਾਯੋਗ

**ਸੁਖਵਿੰਦਰ ਸਿੰਘ ਚੋਹਲਾ**

ਕੈਨੇਡਾ ਦੀ ਪਰਵਾਸੀਆਂ ਦੇ ਮੁਲਕ ਵਜੋ ਵਿਸ਼ਵ ਵਿਚ ਇਕ ਵੱਖਰੀ ਪਹਿਚਾਣ ਹੈ। ਕੈਨੇਡਾ ਦੀ ਮਜ਼ਬੂਤ ਆਰਥਿਕਤਾ, ਕਾਰੋਬਾਰਾਂ ਦੀ ਸਫਲਤਾ, ਰੋਜ਼ਗਾਰ ਦੀ ਉਚ ਦਰ, ਇਕ ਬਿਹਤਰ ਤੇ ਇਮਾਨਦਾਰ ਸਿਸਟਮ ਤੋ ਇਲਾਵਾ ਉਤਸ਼ਾਹੀ ਇਮੀਗ੍ਰੇਸ਼ਨ ਨੀਤੀਆਂ ਕਾਰਣ ਪਰਵਾਸ ਦੇ ਚਾਹਵਾਨ ਲੋਕਾਂ ਦੀ ਕੈਨੇਡਾ ਅੱਜ ਵੀ ਪਹਿਲੀ ਪਸੰਦ ਬਣਿਆ ਹੋਇਆ ਹੈ। ਹਰ ਸਾਲ ਇਮੀਗ੍ਰੇਸ਼ਨ ਵਿਭਾਗ ਕੋਲ ਇਮੀਗ੍ਰੇਸ਼ਨ ਦੀਆਂ ਵੱਖ -ਵੱਖ ਕੈਟਾਗਰੀ ਵਿਚ ਲੱਖਾਂ ਅਰਜੀਆਂ ਪੁੱਜ ਰਹੀਆਂ ਹਨ। ਕੈਨੇਡਾ ਦੇ ਇਮੀਗ੍ਰੇਸ਼ਨ, ਰਫਿਊਜੀ ਐਂਡ ਸਿਟੀਜ਼ਨਸ਼ਿਪ ਵਿਭਾਗ ( ਆਈ ਆਰ ਸੀ ਸੀ) ਦੀ ਤਾਜ਼ਾ ਰਿਪੋਰਟ ਮੁਤਾਬਿਕ ਇਮੀਗ੍ਰੇਸ਼ਨ ਅਰਜੀਆਂ ਦਾ ਬੈਕਲਾਗ 21 ਲੱਖ ਤੋ ਉਪਰ ਟੱਪ ਗਿਆ ਹੈ। ਪਿਛਲੇ ਮਹੀਨੇ 11 ਅਪ੍ਰੈਲ ਤੋ 29 ਅਪ੍ਰੈਲ ਤੱਕ ਕੇਵਲ 18 ਦਿਨਾਂ ਵਿਚ ਇਕ ਲੱਖ ਦੇ ਕਰੀਬ ( 98,786) ਅਰਜੀਆਂ ਦਾ ਰਿਕਾਰਡ ਵਾਧਾ ਦਰਜ ਕੀਤਾ ਗਿਆ ਹੈ। ਵੱਖ -ਵੱਖ ਕੈਟਾਗਰੀ ਮੁਤਾਬਿਕ ਪੀ ਆਰ ਅਰਜੀਆਂ 530, 269 ਸਿਟੀਜ਼ਨਸ਼ਿਪ ਅਰਜੀਆਂ 399,325 ਅਤੇ ਆਰਜੀ ਵੀਜ਼ਾ ਅਰਜੀਆਂ ਦੀ ਸੰਖਿਆ 1200,791 ਤੋ ਉਪਰ ਪੁੱਜ ਚੁੱਕੀ ਹੈ। ਇਮੀਗ੍ਰੇਸ਼ਨ ਵਿਭਾਗ ਕੋਲ ਇਹਨਾਂ ਅਰਜੀਆਂ ਦੇ ਅੰਬਾਰ ਦਾ ਕਾਰਣ ਭਾਵੇਂਕਿ ਕੋਵਿਡ ਮਹਾਂਮਾਰੀ ਦੌਰਾਨ ਆਈਆਂ ਮੁਸ਼ਕਲਾਂ ਨੂੰ ਦੱਸਿਆ ਜਾ ਰਿਹਾ ਹੈ ਪਰ ਸਮਝਿਆ ਜਾਂਦਾ ਹੈ ਕਿ ਆਰਜੀ ਵੀਜ਼ਾ ਅਰਜੀਆਂ ਤੋ ਇਲਾਵਾ ਵਰਕ ਪਰਮਿਟ ਅਤੇ ਪੀ ਆਰ ਅਰਜੀਆਂ ਦੀ ਪ੍ਰਕਿਰਿਆ ਵਿਚ ਵਿਭਾਗੀ ਸਖਤੀਆਂ ਵੀ ਇਹਨਾਂ ਦੇ ਜਲਦ ਨਿਪਟਾਰੇ ਵਿਚ ਅੜਿਕਾ ਬਣਦੀਆਂ ਹਨ।



ਇਹਨਾਂ ਵਿਭਾਗੀ ਸਖਤੀਆਂ ਕਾਰਣ ਇਮੀਗ੍ਰੇਸ਼ਨ ਸਲਾਹਕਾਰ ਪ੍ਰਾਰਥੀਆਂ ਨਾਲ ਕਈ ਤਰਾਂ ਦੀ ਸੌਦੇਬਾਜ਼ੀ ਵੀ ਕਰਦੇ ਹਨ ਜਿਸ ਨਾਲ ਇਮੀਗ੍ਰੇਸ਼ਨ ਦੇ ਨਾਮ ਉਪਰ ਕਈ ਤਰਾਂ ਦੇ ਫਰਾਡ ਵੀ ਸਾਹਮਣੇ ਆਉਂਦੇ ਹਨ। ਆਰਜੀ ਵਰਕ ਪਰਮਿਟ ਲਈ ਲੇਬਰ ਮਾਰਕੀਟ ਇਮਪੈ੍ਸ਼ਨ ਅਸੈਸਮੈਂਟ ( ਐਲ ਐਮ ਆਈ ਏ) ਦੇ ਨਾਮ ਹੇਠ ਇਮੀਗ੍ਰੇਸ਼ਨ ਸਲਾਹਕਾਰਾਂ ਵਲੋਂ ਠੱਗੀ ਮਾਰੇ ਜਾਣ ਦੀ ਕਈ ਖਬਰਾਂ ਹਨ। ਰੋਜ਼ਗਾਰਦਾਤਾ ਵਲੋਂ ਵਰਕ ਪਰਮਿਟ ਲਈ ਐਲ ਐਮ ਆਈ ਏ ਦੀ ਨਿਰਧਾਰਿਤ ਫੀਸ ਦੇ ਨਾਮ ਹੇਠ ਅਰਜੀਕਰਤਾ ਤੋ ਹਜ਼ਾਰਾਂ ਡਾਲਰ ਬਟੋਰੇ ਜਾਂਦੇ ਹਨ। ਸੂਤਰਾਂ ਮੁਤਾਬਿਕ ਕੁਝ ਇਮੀਗ੍ਰੇਸ਼ਨ ਸਲਾਹਕਾਰ ਵਰਕ ਪਰਮਿਟ ਤੋਂ ਪੀ ਆਰ ਫਾਈਲ ਦੀ ਜ਼ਿੰਮੇਵਾਰੀ ਤੱਕ 40-45 ਹਜ਼ਾਰ ਡਾਲਰ ਦਾ ਅਣਲਿਖਤ ਕੰਟਰੈਕਟ ਕਰਦੇ ਹਨ। ਵਰਕ ਪਰਮਿਟ ਦੇ ਨਾਮ ਹੇਠ ਫਰਾਡ ਸਾਹਮਣੇ ਆਉਣ ਤੇ ਜ਼ਾਹਰ ਹੋਇਆ ਹੈ ਕਿ ਕਈ ਮਾਮਲਿਆਂ ਵਿਚ ਫਰਜ਼ੀ ਇੰਪਲਾਇਰ ਤੇ ਕੰਪਨੀਆਂ ਦੇ ਨਾਮ ਹੇਠ ਐਮ ਐਲ ਆਈ ਏ ਅਰਜੀਆਂ ਪਾਈਆਂ ਗਈਆਂ ਹਨ। ਪਿਛਲੇ ਸਮੇਂ ਦੌਰਾਨ ਓਨਟਾਰੀਓ ਤੇ ਬ੍ਰਿਟਿਸ਼ ਕੋਲੰਬੀਆ ਵਿਚ ਕੁਝ ਇਮੀਗ੍ਰੇਸ਼ਨ ਸਲਾਹਕਾਰ ਅਜਿਹੇ ਫਰਾਡ ਕੇਸਾਂ ਦਾ ਸਾਹਮਣਾ ਵੀ ਕਰ ਰਹੇ ਹਨ। ਐਲ ਐਮ ਆਈ ਏ ਦੇ ਨਾਮ ਹੇਠ ਹੋ ਰਹੇ ਧੰਦੇ ਨੂੰ ਰੋਕਣ ਲਈ ਇਮੀਗ੍ਰੇਸ਼ਨ ਵਿਭਾਗ ਵਲੋ ਨਵੀ ਪ੍ਰਕਿਰਿਆ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਸੀ ਪਰ ਇਸਦੇ ਬਾਵਜੂਦ ਇਹ ਫਰਾਡਬਾਜ਼ੀ ਅੱਜ ਵੀ ਜਾਰੀ ਹੈ। ਇਮੀਗ੍ਰੇਸ਼ਨ ਦੇ ਨਾਮ ਹੇਠ ਘੁਟਾਲੇ ਨੂੰ ਰੋਕਣ ਲਈ ਸਰਕਾਰ ਨੂੰ ਇਮੀਗ੍ਰੇਸ਼ਨ ਨੀਤੀਆਂ ਵਿਚ ਲੋੜੀਦੀਆਂ ਤਬਦੀਲੀਆਂ ਕਰਦਿਆਂ ਇਸਨੂੰ ਸੌਖਾਲਾ ਬਣਾਉਣ ਦੀ ਵਧੇਰੇ ਜ਼ਰੂਰਤ ਹੈ।

ਅਜਿਹਾ ਕਰਨਾ ਕਨੂੰਨਸਾਜ਼ ਤੇ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਦੇ ਅਧਿਕਾਰ ਖੇਤਰ ਵਿਚ ਹੈ। ਐਲ ਐਮ ਆਈ ਏ ਫਰਾਡ ਰੋਕਣ ਅਤੇ ਇਸ ਪ੍ਰਕਿਰਿਆ ਨੂੰ ਸੌਖਾਲਾ ਬਣਾਏ ਜਾਣ ਦੀਆਂ ਕੋਸ਼ਿਸ਼ਾਂ ਉਪਰੰਤ ਸਰੀ ਸੈਂਟਰ ਤੋ ਐਮ ਪੀ ਰਣਦੀਪ ਸਿੰਘ ਸਰਾਏ ਵਲੋ ਹੁਣ ਆਰਜੀ ਵਿਦੇਸ਼ੀ ਕਾਮਿਆਂ ਨੂੰ ਪੀ ਆਰ ਪ੍ਰਕਿਰਿਆ ਨੂੰ ਵਧੇਰੇ ਸੌਖਾਲਾ ਬਣਾਉਣ ਲਈ ਹਾਊਸ ਆਫ ਕਾਮਨਜ਼ ਵਿਚ ਇਕ ਪ੍ਰਾਈਵੇਟ ਬਿਲ ਲਿਆਂਦਾ ਗਿਆ ਹੈ। ਵੱਡੀ ਰਾਹਤ ਵਾਲੀ ਖਬਰ ਹੈ ਕਿ ਇਹ ਬਿਲ ਸਦਨ ਵਿਚ ਬਹਿਸ ਉਪਰੰਤ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਹੈ।

ਸਦਨ ਵਿਚ ਆਪਣਾ ਪ੍ਰਾਈਵੇਟ ਬਿਲ ਪੇਸ਼ ਕਰਦਿਆਂ ਸਰਾਏ ਨੇ ਕੈਨੇਡਾ ਦੀ ਬਜੁਰਗ ਹੋ ਰਹੀ ਆਬਾਦੀ ਉਪਰ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਲਗਾਤਾਰ ਘਟ ਰਹੀ ਜਨਮ ਦਰ ਕਾਰਣ ਜਨਸੰਖਿਆ ਦੀ ਕਮੀ ਨੂੰ ਕੇਵਲ ਇਮੀਗ੍ਰੇਸ਼ਨ ਰਾਹੀਂ ਹੀ ਪੂਰਾ ਕੀਤਾ ਜਾ ਸਕਦਾ ਹੈ। ਕੈਨੇਡਾ ਦੀ ਲੇਬਰ ਫੋਰਸ ਦੇ ਵਾਧੇ ਦਾ ਲਗਪਗ 100 ਫ਼ੀਸਦੀ ਅਤੇ ਕੈਨੇਡਾ ਦੀ ਜਨਸੰਖਿਆ ਵਾਧੇ ਦਾ 75 ਫ਼ੀਸਦੀ ਹੈ ਇਮੀਗ੍ਰੇਸ਼ਨ ਉਪਰ ਨਿਰਭਰ ਹੈ। ਦੂਸਰੇ ਪਾਸੇ ਕੈਨੇਡਾ ਦੀ ਬੇਰੋਜ਼ਗਾਰੀ ਦੀ ਦਰ (ਅਪ੍ਰੈਲ 2022 ਵਿਚ 5.2 ਫ਼ੀਸਦੀ) ਇਤਿਹਾਸਕ ਤੌਰ 'ਤੇ ਘੱਟ ਹੋਣ ਦੇ ਨਾਲ ਖੇਤੀਬਾੜੀ ਸੈਕਟਰ ਵਿਚ ਨੌਕਰੀਆਂ ਦੀ ਦਰ ਬਹੁਤ ਉੱਚੀ ਹੈ ਜਿਸਨੂੰ ਘਰੇਲੂ ਲੇਬਰ ਨਾਲ ਭਰਨਾ ਸੰਭਵ ਨਹੀ। ਖੇਤੀ ਸੈਕਟਰ ਵਿਚ ਕੰਮ ਕਰਨ ਵਾਲੇ ਆਰਜ਼ੀ ਵਿਦੇਸ਼ੀ ਕਾਮੇ ਕੈਨੇਡਾ ਦੇ ਆਰਥਿਕ ਵਿਕਾਸ ਵਿਚ ਵੱਡਾ ਯੋਗਦਾਨ ਪਾਉਣ ਦੇ ਨਾਲ ਖੇਤਰੀ ਕਿਰਤ ਲੋੜਾਂ ਦੀ ਪੂਰਤੀ ਵੀ ਕਰਦੇ ਹਨ ਪਰ ਇਨ੍ਹਾਂ ਵਿਚੋਂ ਬਹੁਤੇ ਕਾਮਿਆਂ ਲਈ ਸਥਾਈ ਨਿਵਾਸ ਦਾ ਰਸਤਾ ਬਹੁਤ ਮੁਸ਼ਕਲਾਂ ਭਰਿਆ ਹੈ। ਉਹਨਾਂ ਵਾਸਤੇ ਆਈਲੈਟਸ ਦੇ ਉਚ ਬੈਂਡ ਅਤੇ ਹੋਰ ਸ਼ਰਤਾਂ ਸਖਤ ਹੋਣ ਕਾਰਣ ਪੀ ਆਰ ਲੈਣਾ ਔਖਾ ਹੋ ਜਾਂਦਾ ਹੈ। ਸਵਾਲ ਹੈ ਕਿ ਖੇਤੀ ਸੈਕਟਰ ਜਾਂ ਕਿਸੇ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ ਕਾਮੇ ਲਈ ਆਈਲੈਟਸ ਦੇ ਉਚ ਬੈਂਡ ਦੀ ਜ਼ਰੂਰਤ ਕੀ ਹੈ?

ਉਹਨਾਂ ਸਦਨ ਨੂੰ ਦੱਸਿਆ ਕਿ ਅਜਿਹੀ ਸਮੱਸਿਆ ਕਾਰਣ ਬਹੁਤ ਸਾਰੇ ਕਾਰੋਬਾਰਾਂ ਨੂੰ ਚਲਦਾ ਰੱਖਣ ਲਈ ਕਾਮਿਆਂ ਦੀ ਭਾਰੀ ਥੁੜ ਕਾਰਣ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖੇਤੀ ਸੈਕਟਰ ਤੋ ਇਲਾਵਾ ਰੈਸਟੋਰੈਂਟ ਮਾਲਕ, ਪੈਕਰਜ਼ ਅਤੇ ਲੌਜਿਸਟਿਕਸ ਕੰਪਨੀਆਂ ਨੂੰ ਕਾਮਿਆਂ ਦੀ ਲੋੜ ਹੈ । ਇਹ ਲੋੜ ਕੇਵਲ ਵਿਦੇਸ਼ੀ ਕਾਮਿਆਂ ਰਾਹੀ ਹੀ ਪੂਰੀ ਹੋ ਸਕਦੀ ਹੈ। ਪਰ ਇਹਨਾਂ ਵਿਚ ਉਹ ਕਾਮੇ ਵਧੇਰੇ ਹਨ ਜੋ ਆਈਲੈਟਸ ਦੇ ਉਚ ਬੈਂਡ ਅਤੇ ਹੋਰ ਸਖਤ ਸ਼ਰਤਾਂ ਦੀ ਪੂਰਤੀ ਨਹੀ ਕਰ ਸਕਦੇ। ਕੈਨੇਡਾ ਵਿਚ ਪੱਕੇ ਤੌਰ ਤੇ ਵੱਸਣ ਦਾ ਸੁਪਨਾ ਲੈਕੇ ਆਉਣ ਵਾਲੇ ਵਿਦੇਸ਼ੀ ਆਰਜੀ ਕਾਮਿਆਂ ਨੂੰ ਕੈਨੇਡਾ ਦੀ ਆਰਥਿਕਤਾ ਦੀਆਂ ਲੋੜਾਂ ਮੁਤਾਬਿਕ ਪੀ ਆਰ ਪ੍ਰਕਿਰਿਆ ਨੂੰ ਸੌਖਾਲਾ ਬਣਾਉਣ ਦੀ ਤੁਰੰਤ ਜ਼ਰੂਰਤ ਹੈ।

ਹਾਊਸ ਆਫ ਕਾਮਨਜ਼ ਵਿਚ ਇਹ ਬਿਲ ਪਾਸ ਹੋਣ ਨਾਲ ਇਮੀਗ੍ਰੇਸ਼ਨ ਮੰਤਰਾਲਾ ਆਰਜੀ ਵਿਦੇਸ਼ੀ ਕਾਮਿਆਂ ਦੀ ਪੀ ਆਰ ਪ੍ਰਕਿਰਿਆ ਸੌਖਾਲੀ ਬਣਾਉਣ ਲਈ ਪਾਬੰਦ ਹੋ ਸਕੇਗਾ। ਅਜਿਹੀ ਉਮੀਦ ਕਰਨੀ ਬਣਦੀ ਹੈ। ਲਿਬਰਲ ਐਮ ਪੀ ਰਣਦੀਪ ਸਿੰਘ ਸਰਾਏ ਵਲੋਂ ਆਰਜੀ ਵਿਦੇਸ਼ੀ ਕਾਮਿਆਂ ਦੀ ਇਸ ਵੱਡੀ ਸਮੱਸਿਆ ਨੂੰ ਗੰਭੀਰਤਾ ਨਾਲ ਲੈਂਦਿਆਂ ਇਸਦੇ ਹੱਲ ਲਈ ਸਦਨ ਵਿਚ ਪ੍ਰਾਈਵੇਟ ਬਿਲ ਲਿਆਉਣ ਤੇ ਕਨੂੰਨਸਾਜ਼ਾਂ ਵਲੋ ਇਸਨੂੰ ਸਰਬਸੰਮਤੀ ਨਾਲ ਪਾਸ ਕੀਤੇ ਜਾਣ ਦੀ ਸਰਾਹਨਾ ਕਰਨੀ ਵੀ ਬਣਦੀ ਹੈ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ

YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899

Tarlok (Tony) Chandi
778-858-7878

Arjun Singh
604.760.3661

### ਜਨਮ ਸ਼ਤਾਬਦੀ ’ਤੇ ਵਿਸ਼ੇਸ਼

# ਮਨੁੱਖੀ ਹੱਕਾਂ ਦਾ ਅਲੰਬਰਦਾਰ ਲੋਕ ਨਾਇਕ ਜਸਟਿਸ ਅਜੀਤ ਸਿੰਘ ਬੈਂਸ

ਪੰਜਾਬ ਦੀ ਧਰਤੀ ‘ਤੇ ਮਨੁੱਖੀ ਅਧਿਕਾਰਾਂ ਦੇ ਘਾਣ ਖ਼ਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕਰਨ ਵਾਲੇ ਮਹਾਨ ਯੋਧੇ, ਸੇਵਾ-ਮੁਕਤ ਜੱਜ ਸਰਦਾਰ ਅਜੀਤ ਸਿੰਘ ਬੈਂਸ ‘ਲੋਕ ਨਾਇਕ’ ਕਹੇ ਜਾ ਸਕਦੇ ਹਨ। ਉਨ੍ਹਾਂ ਆਪਣਾ ਸਾਰਾ ਜੀਵਨ ਮਨੁੱਖੀ ਹੱਕਾਂ ਦੇ ਸੰਘਰਸ਼ ਨੂੰ ਸਮਰਪਿਤ ਕੀਤਾ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਜਸਟਿਸ ਅਜੀਤ ਸਿੰਘ ਜੀ ਦੀ ਦੇਣ ਸ਼ਬਦਾਂ ਵਿੱਚ ਬਿਆਨ ਨਹੀਂ ਕੀਤੀ ਜਾ ਸਕਦੀ। ਬੈਂਸ ਸਾਹਿਬ ਨੇ ਮਨੁੱਖੀ ਹੱਕਾਂ ਲਈ ਸੌ ਸਾਲਾ ਜ਼ਿੰਦਗੀ ਸਮਰਪਿਤ ਕਰ ਦਿੱਤੀ, ਜੱਜ ਹੋਣ ਦੇ ਬਾਵਜੂਦ ਸਜ਼ਾਵਾਂ ਕੱਟੀਆਂ, ਉੱਜੜੇ ਪੰਜਾਬ ਨੂੰ ਵਸਾਉਣ ਲਈ ‘ਸਰਕਾਰ ਨੂੰ ਦਹਿਸ਼ਤਗਰਦ’ ਆਖਿਆ ਅਤੇ ਹਕੂਮਤ ਨਾਲ ਲੋਹਾ ਲਿਆ। ਸੌ ਸਾਲ ਦੀ ਲੰਮੀ ਉਮਰ, ਚੜ੍ਹਦੀ ਕਲਾ ਵਿੱਚ ਗੁਜ਼ਾਰਨ ਵਾਲੇ ਜਸਟਿਸ ਬੈਂਸ ਸਾਹਿਬ ਮਨੁੱਖੀ ਅਧਿਕਾਰਾਂ ਲਈ ਦੇਣ ਸਬੰਧੀ ਡੂੰਘਾ ਵਿਚਾਰ ਚਿੰਤਨ ਕਰਨਾ ਸਾਡਾ ਸਭਨਾਂ ਦਾ ਫ਼ਰਜ਼ ਬਣਦਾ ਹੈ। ਜਸਟਿਸ ਸਾਹਿਬ ਦੇ ਸੰਘਰਸ਼ ਨੂੰ ‘ਮਨੁੱਖੀ ਅਧਿਕਾਰਾਂ ਲਈ ਲੜਨ ਵਾਲੀ ਇਕ ਪੀੜ੍ਹੀ ਦਾ ਸਫ਼ਰ’ ਕਿਹਾ ਜਾ ਸਕਦਾ ਹੈ। ਉਨ੍ਹਾਂ ਦੀ ਮਨੁੱਖੀ ਅਧਿਕਾਰਾਂ ਲਈ ਦੇਣ ਸਬੰਧੀ ਅਨੇਕਾਂ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। ਜਸਟਿਸ ਬੈਂਸ ਸਾਹਿਬ ਦੇ ਜੀਵਨ ਸਫ਼ਰ ‘ਤੇ ਪੰਛੀ ਝਾਤ ਮਾਰਦਿਆਂ, ਕੁਝ ਜਾਣਕਾਰੀ ਸਾਂਝੀ ਕਰ ਰਹੇ ਹਾਂ।


ਡਾ: ਗੁਰਵਿੰਦਰ ਸਿੰਘ

ਜਸਟਿਸ ਅਜੀਤ ਸਿੰਘ ਦਾ ਜਨਮ 14 ਮਈ 1922 ਨੂੰ ਜਲੰਧਰ ਜ਼ਿਲ੍ਹੇ ਦੀ ਤਹਿਸੀਲ ਗੁਰਾਇਆ ਦੇ ਪਿੰਡ ‘ਬੜਾ ਪਿੰਡ’ ਵਿਖੇ, ਨਾਨਕਾ ਪਰਿਵਾਰ ਵਿੱਚ ਹੋਇਆ। ਉਂਜ ਆਪ ਦਾ ਜੱਦੀ ਪਿੰਡ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਸੀ। ਆਪ ਜੀ ਦੀ ਮਾਤਾ ਜੀ ਬੀਬੀ ਅੰਮ੍ਰਿਤ ਕੌਰ ਅਤੇ ਪਿਤਾ ਜੀ ਬਾਬੂ ਗੁਰਬਖਸ਼ ਸਿੰਘ ਬੈਂਸ ਸਨ। ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕਰਦਿਆਂ, ਪਿਤਾ ਜੀ ਨੇ ਕਈ ਵਾਰ ਜੇਲ੍ਹ ਯਾਤਰਾ ਕੀਤੀ ਅਤੇ ਅਤਿਅੰਤ ਕਸ਼ਟ ਸਹਾਰੇ। ਆਪ ਜੀ ਸੱਤ ਭੈਣ ਭਰਾਵਾਂ ਵਿੱਚੋਂ ਸਭ ਤੋਂ ਵੱਡੇ ਸਨ। ਚਾਰ ਭਰਾਵਾਂ ਅਤੇ ਤਿੰਨ ਭੈਣਾਂ ਦੇ ਵੱਡੇ ਪਰਿਵਾਰ ਵਿੱਚ ਅਜੀਤ ਸਿੰਘ ਬੈਂਸ ਹੁਰਾਂ ਨੇ ਅਣਥੱਕ ਸੇਵਾ ਕੀਤੀ, ਜਿਸ ਲਈ ਸਾਰੇ ਭੈਣ- ਭਰਾ ਸਦਾ ਆਪ ਦੇ ਸ਼ੁਕਰਗੁਜ਼ਾਰ ਰਹੇ। ਆਪ ਨੇ ਮੁੱਢਲੀ ਵਿੱਦਿਆ ਜੱਦੀ ਪਿੰਡ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਤੋਂ ਹਾਸਲ ਕੀਤੀ। ਆਪਣੇ ਜੱਦੀ ਪਿੰਡ ਵਿੱਦਿਆ ਦੇ ਪਸਾਰ ਲਈ ਆਪ ਜੀ ਦੀ ਸੇਵਾ ਭਾਵਨਾ ਇਸ ਗੱਲ ਤੋਂ ਜ਼ਾਹਿਰ ਹੁੰਦੀ ਹੈ ਕਿ ਲੰਮਾ ਸਮਾਂ ਮਗਰੋਂ ਆਪ ਨੇ ਮਾਹਿਲਪੁਰ ਕਾਲਜ ਲਈ ਆਪਣੀ ਜ਼ਮੀਨ ਦਾਨ ਕਰ ਦਿੱਤੀ ਸੀ। ਉੱਚ-ਵਿੱਦਿਆ ਲਈ ਅਜੀਤ ਸਿੰਘ ਬੈਂਸ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਪਿਤਾ ਜੀ ਆਜ਼ਾਦੀ ਘੁਲਾਟੀਏ ਹੋਣ ਕਾਰਨ ਵਾਰ -ਵਾਰ ਪੁਲਿਸ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਆਉਂਦੀ। ਇੱਕ ਵਾਰ ਤਾਂ ਬਾਲਕ ਅਜੀਤ ਸਿੰਘ ਨੂੰ ਵੀ ਗ੍ਰਿਫ਼ਤਾਰ ਕਰਨ ਦੇ ਹਾਲਾਤ ਬਣ ਗਏ, ਜਿਸ ਨੂੰ ਧਿਆਨ ਵਿੱਚ ਰੱਖਦਿਆਂ, ਫੌਜ ਵਿੱਚ ਨੌਕਰੀ ਕਰਦੇ ਚਾਚਾ ਜੀ ਆਪ ਨੂੰ ਲਖਨਊ ਲੈ ਗਏ, ਜਿੱਥੇ ਜਾ ਕੇ ਆਪ ਨੇ ਉੱਚ ਵਿੱਦਿਆ ਹਾਸਲ ਕੀਤੀ। ਆਪ ਨੇ ਲਖਨਊ ਤੋਂ ਬੀ.ਏ. ਐਲ.ਐਲ.ਬੀ. ਅਤੇ ਅਰਥ ਸ਼ਾਸਤਰ ਦੀ ਐਮ.ਏ. ਦੀ ਪੜ੍ਹਾਈ ਕੀਤੀ। ਜਸਟਿਸ ਅਜੀਤ ਸਿੰਘ ਬੈਂਸ ਦਾ ਆਨੰਦ ਕਾਰਜ ਬੀਬੀ ਮਨਜੀਤ ਕੌਰ ਨਾਲ ਹੋਇਆ ਅਤੇ ਆਪ ਦੇ ਗ੍ਰਹਿ ਵਿਖੇ ਸਪੁੱਤਰੀਆਂ ਬੀਬੀ ਸੁਜੀਤ ਕੌਰ ਅਤੇ ਬੀਬੀ ਹਰਿੰਦਰ ਕੌਰ ਅਤੇ ਸਪੁੱਤਰ ਰਾਜਵਿੰਦਰ ਸਿੰਘ ਬੈਂਸ ਨੇ ਜਨਮ ਲਿਆ। ਸੰਨ 1959 ਵਿੱਚ ਬੀਬੀ ਮਨਜੀਤ ਕੌਰ ਜੀ ਦਾ ਦੇਹਾਂਤ ਹੋ ਗਿਆ। ਮਗਰੋਂ ਬੀਬੀ ਮਨਜੀਤ ਕੌਰ ਦੀ ਭੈਣ ਰਛਪਾਲ ਕੌਰ ਨਾਲ ਆਨੰਦ ਕਾਰਜ ਹੋਇਆ, ਜਿਸ ਤੋਂ ਸਪੁੱਤਰ ਮਨਜਿੰਦਰ ਸਿੰਘ ਦਾ ਜਨਮ ਹੋਇਆ। ਆਪ ਦੇ ਪਰਿਵਾਰ ਵਿੱਚ ਚਾਰ ਪੋਤਰੀਆਂ, ਦੋ ਪੋਤਰੇ ਅਤੇ ਦੋਹਤੇ -ਦੋਹਤੀਆਂ ਸ਼ਾਮਿਲ ਹਨ। ਆਪ ਜੀ ਦਾ ਪੋਤਰਾ ਉਤਸਵ ਸਿੰਘ ਬੈਂਸ ਸੁਪਰੀਮ ਕੋਰਟ ਦਾ ਵਕੀਲ ਹੈ, ਜੋ ਕਿ ਪੰਜਾਬ ਅਤੇ ਹਰਿਆਣਾ ਕੋਰਟ ਸੀਨੀਅਰ ਵਕੀਲ ਰਾਜਵਿੰਦਰ ਸਿੰਘ ਬੈਂਸ ਦਾ ਸਪੁੱਤਰ ਹੈ।



ਸੰਨ 1950 ਵਿੱਚ ਆਪ ਅਧਿਆਪਨ ਖੇਤਰ ਵਿਚ ਦਾਖ਼ਲ ਹੋਏ ਅਤੇ ਲਾਇਲਪੁਰ ਖਾਲਸਾ ਜਲੰਧਰ ਤੋਂ ਅਧਿਆਪਨ ਸੇਵਾਵਾਂ ਦਾ ਸਫ਼ਰ ਸ਼ੁਰੂ ਕੀਤਾ। ਆਪ ਨੇ ਤਿੰਨ ਸਾਲ ਅਰਥ ਸ਼ਾਸਤਰ ਦੇ ਲੈਕਚਰਾਰ ਦੀ ਸੇਵਾ ਨਿਭਾਈ। ਇਸ ਦੌਰਾਨ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਵਿਦਿਆਰਥੀਆਂ ਨੇ ਪ੍ਰਬੰਧਕਾਂ ਖ਼ਿਲਾਫ਼ ਹੜਤਾਲ ਕਰ ਦਿੱਤੀ, ਜਿਸ ਦਾ ਅਜੀਤ ਸਿੰਘ ਬੈਂਸ ਸਮੇਤ ਤਿੰਨ ਪ੍ਰੋਫੈਸਰਾਂ ਨੇ ਸਾਥ ਦਿੱਤਾ। ਇਸ ਤੋਂ ਦੁਖੀ ਹੋ ਕੇ ਖ਼ਾਲਸਾ ਕਾਲਜ ਦੇ ਪ੍ਰਬੰਧਕਾਂ ਨੇ ਆਪ ਤਿੰਨਾਂ ਪ੍ਰੋਫੈਸਰਾਂ ਨੂੰ ਕਾਲਜ ਵਿਚੋਂ ਬਰਤਰਫ ਕਰ ਦਿੱਤਾ। ਦਿਲਚਸਪ ਗੱਲ ਇਹ ਹੈ ਕਿ ਲੰਮਾ ਸਮਾਂ ਮਗਰੋਂ ਜਸਟਿਸ ਅਜੀਤ ਸਿੰਘ ਬੈਂਸ ਨੂੰ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਖੇ ਕਾਨਵੋਕੇਸ਼ਨ ਮੌਕੇ ‘ਮੁੱਖ ਮਹਿਮਾਨ’ ਵਜੋਂ ਸੱਦਾ ਦਿੱਤਾ ਗਿਆ। ਉਸ ਮੌਕੇ ਆਪ ਨੇ ਕਿਹਾ ਕਿ ਉਚੇਚੇ ਤੌਰ ‘ਤੇ ਉਹ ਖ਼ਾਲਸਾ ਕਾਲਜ ਦੇ ਪ੍ਰਬੰਧਕਾਂ ਦੇ ਧੰਨਵਾਦੀ ਹਨ, ਕਿਉਂਕਿ ਇਸ ਕਾਲਜ ਤੋਂ ਹੀ ਕਿਸੇ ਵੇਲੇ ਉਨ੍ਹਾਂ ਨੂੰ ਹਟਾਇਆ ਗਿਆ ਸੀ, ਜਿਸ ਕਾਰਨ ਉਹ ਵਕਾਲਤ ਦੇ ਖੇਤਰ ਵਿੱਚ ਆਏ। ਜੇਕਰ ਉਨ੍ਹਾਂ ਨੂੰ ਬਰਤਰਫ਼ ਨਾ ਕੀਤਾ ਜਾਂਦਾ, ਤਾਂ ਅੱਜ ਇਸ ਅਹੁਦੇ ਤੇ ਨਾ ਪਹੁੰਚਦੇ। ਇਹ ਦਾਸਤਾਨ ਸੁਣਦਿਆਂ ਵਿਦਿਆਰਥੀਆਂ ਅਤੇ ਪ੍ਰਬੰਧਕਾਂ ਦੀਆਂ ਅੱਖਾਂ ਨਮ ਹੋ ਗਈਆਂ।


ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਲੈਕਚਰਾਰ ਦੇ ਅਹੁਦੇ ਤੋਂ ਹਟਾਏ ਜਾਣ ਮਗਰੋਂ ਆਪ ਨੇ ਫ਼ੈਸਲਾ ਕੀਤਾ ਕਿ ਨੌਕਰੀ ਕਰਨ ਦੀ ਥਾਂ, ਵਕਾਲਤ ਹੀ ਹੀ ਕਰਨੀ ਹੈ। ਅਜੀਤ ਸਿੰਘ ਬੈਂਸ ਨੇ ਸੰਨ 1954 ਵਿਚ ਵਕਾਲਤ ਦਾ ਸਫ਼ਰ ਹੁਸ਼ਿਆਰਪੁਰ ਤੋਂ ਸ਼ੁਰੂ ਕੀਤਾ।1960 ਵਿੱਚ ਜਦੋਂ ਪੰਜਾਬ ਹਾਈ ਕੋਰਟ ਚੰਡੀਗੜ੍ਹ ਸਥਾਪਤ ਹੋਈ, ਤਾਂ ਆਪ ਨੇ ਚੰਡੀਗੜ੍ਹ ਵਿਖੇ ਲਾਅ ਪ੍ਰੈਕਟਿਸ ਆਰੰਭ ਕਰ ਦਿੱਤੀ। ਸੰਨ 1964 ਵਿੱਚ ਆਪ ਪੰਜਾਬ ਹਾਈ ਕੋਰਟ ਵਿੱਚ ਐਡਵੋਕੇਟ ਵਜੋਂ ਸੇਵਾਵਾਂ ਦੇਣ ਲੱਗ ਪਏ ਅਤੇ ਉਸ ਸਾਲ ਹੀ ਪੰਜਾਬ ਬਾਰ ਕੌਂਸਲ ਲਈ ਚੁਣੇ ਗਏ। ਪੰਜਾਬ ਸਰਕਾਰ ਨੇ ਆਪ ਨੂੰ ਡਿਪਟੀ ਐਡਵੋਕੇਟ ਜਨਰਲ ਨਿਯੁਕਤ ਕਰ ਦਿੱਤਾ। ਸੰਨ 1972 ਵਿਚ ਸ. ਅਜੀਤ ਸਿੰਘ ਬੈਂਸ ਪੰਜਾਬ ਤੇ ਹਰਿਆਣਾ ਬਾਰ ਕੌਂਸਲ ਦੇ ਪ੍ਰਧਾਨ ਚੁਣੇ ਗਏ।

## ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਵਜੋਂ ਸੇਵਾਵਾਂ

ਸੰਨ 1974 ਵਿੱਚ ਸ. ਅਜੀਤ ਸਿੰਘ ਬੈਂਸ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਨਿਯੁਕਤ ਹੋਏ ਅਤੇ ਇਹ ਸੇਵਾਵਾਂ ਆਪ ਨੇ 14 ਮਈ 1984 ਤੱਕ ਨਿਭਾਈਆਂ। ਆਪ ਨੇ ਨਿਆਂਕਾਰ ਵਜੋਂ ਕਈ ਇਤਿਹਾਸਕ ਫ਼ੈਸਲੇ ਕੀਤੇ, ਜਿਨ੍ਹਾਂ ਦੀ ਮਿਸਾਲ ਅੱਜ ਵੀ ਦਿੱਤੀ ਜਾਂਦੀ ਹੈ। ਉਨ੍ਹਾਂ ਵਿਚੋਂ ਇਕ ਹਿੰਦੂ ਸ਼ਬਦ ਦੇ ਕੋਸ਼ੀ ਅਰਥਾਂ ਬਾਰੇ ਮਹੱਤਵਪੂਰਨ ਫ਼ੈਸਲਾ ਸੀ। ਇਸ ਤੋਂ ਇਲਾਵਾ ਆਪ ਨੇ ਪੰਜਾਬੀ ਸਮਾਜ ਵਿਚ ਸ਼ਰੀਕੇਬਾਜ਼ੀ ਸਬੰਧੀ ਆਏ ਮਾਮਲਿਆਂ ਬਾਰੇ ਵੀ ਇਤਿਹਾਸਕ ਫ਼ੈਸਲੇ ਸੁਣਾਏ। ਜਸਟਿਸ ਅਜੀਤ ਸਿੰਘ ਬੈਂਸ ਨੇ ਸੈਸ਼ਨ ਕੋਰਟ ਦੇ ਗ਼ਲਤ ਫ਼ੈਸਲੇ ਨੂੰ ਦਰੁਸਤ ਕੀਤਾ, ਜਿਸ ਵਿਚ ਜਿਉਂਦੇ ਆਦਮੀ ਦੇ ਕਤਲ ਦੇ ਮਾਮਲੇ ਵਿਚ ਕਿਸੇ ਵਿਅਕਤੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਆਪ ਰਿਟਾਇਰਮੈਂਟ ਤਕ ਤੇਜ਼- ਤਰਾਰ ਨਿਆਂਕਾਰ ਵਜੋਂ ਆਪਣੀ ਗਹਿਰੀ ਛਾਪ ਛੱਡਣ ਵਿੱਚ ਕਾਮਯਾਬ ਹੋ ਗਏ। ਜਸਟਿਸ ਅਜੀਤ ਸਿੰਘ ਬੈਂਸ ਦੀ ਰਿਟਾਇਰਮੈਂਟ ਤੋਂ ਕੁਝ ਸਮੇਂ ਮਗਰੋਂ ਹੀ ਭਾਰਤੀ ਫ਼ੌਜ ਵੱਲੋਂ ਦਰਬਾਰ ਸਾਹਿਬ ਅੰਮ੍ਰਿਤਸਰ ‘ਤੇ ਕੀਤੇ ਫੌਜੀ ਹਮਲੇ ਨੇ ਆਪ ਨੂੰ ਝੰਜੋੜ ਦਿੱਤਾ। ਭਾਰਤ ਸਰਕਾਰ ਦੀ ਘੱਟ ਗਿਣਤੀਆਂ ਅਤੇ ਖਾਸਕਰ ਸਿੱਖਾਂ ਖ਼ਿਲਾਫ਼ ਵਰਤੀ ਫੌਜੀ ਸ਼ਕਤੀ ਦੇ ਦੁਖਾਂਤ ਨੂੰ ਜਸਟਿਸ ਸਾਹਿਬ ਨੇ ਦੁਨੀਆਂ ਭਰ ਵਿੱਚ ਬਿਆਨਿਆ ਅਤੇ ਸੰਸਾਰ ਨੂੰ ਅਖੌਤੀ ਲੋਕਰਾਜ ਦੀ ਸਚਾਈ ਤੋਂ ਜਾਣੂ ਕਰਾਇਆ। ਲਿਖਤ ‘ਸਿੱਖਾਂ ਦੀ ਘੇਰਾਬੰਦੀ’ ਅਨੁਸਾਰ ਜਸਟਿਸ ਬੈਂਸ ਨੇ ਕੌਮਾਂਤਰੀ ਪੱਧਰ ‘ਤੇ ਜਿੱਥੇ ਲੈਕਚਰ ਦਿੱਤੇ ਜਾਂ










ਸੰਬੋਧਨ ਕੀਤਾ, ਉਨ੍ਹਾਂ ਵਿੱਚ ਸੰਯੁਕਤ ਰਾਸ਼ਟਰ ਵਿਖੇ ਜਨੇਵਾ 'ਚ ਇੰਟਰਨੈਸ਼ਨਲ ਕਮਿਸ਼ਨ ਫਾਰ ਜੁਰਿਸਟਸ (ਜੱਜਾਂ ਦਾ ਅੰਤਰਰਾਸ਼ਟਰੀ ਕਮਿਸ਼ਨ), ਯੂਨੀਵਰਸਿਟੀ ਆਫ਼ ਹਾਰਵਰਡ ਲਾਅ ਸਕੂਲ (ਮਨੁੱਖੀ ਅਧਿਕਾਰ ਸਮਾਗਮ), ਲੰਡਨ ਸਕੂਲ ਆਫ ਇਕਨੌਮਿਕਸ, ਬਰਲਿਨ ਯੂਨੀਵਰਸਿਟੀ, ਯੂਨੀਵਰਸਿਟੀ ਆਫ਼ ਲਾਸ ਏਂਜਲਸ, ਕੈਲੇਫੋਰਨੀਆ ਯੂਨੀਵਰਸਿਟੀ, ਨਿਊਯਾਰਕ ਵਿੱਚ ਕੋਲੰਬੀਆ ਯੂਨੀਵਰਸਿਟੀ, ਐਨ ਆਰਬਰ ਵਿੱਚ ਮਿਸ਼ੀਗਨ ਯੂਨੀਵਰਸਿਟੀ, ਮਾਂਟਰੀਅਲ ਵਿਚ ਮੈਕਗਿਲ ਯੂਨੀਵਰਸਿਟੀ, ਯੂਨੀਵਰਸਿਟੀ ਆਫ ਟੋਰਾਂਟੋ, ਕਾਰਡਿਫ ਯੂਨੀਵਰਸਿਟੀ, ਯੂਨੀਵਰਸਿਟੀ ਆਫ ਨਿਊ ਕੈਸਲ, ਵੀਅਨ ਸਟੇਟ ਯੂਨੀਵਰਸਿਟੀ, ਯੂਨੀਵਰਸਿਟੀ ਆਫ ਗੁਏਲਫ ਅਤੇ ਮੈਸਾਚੂਸੈੱਟਸ ਇਸਟੀਚਿਊਟ ਆਫ ਟੈਕਨਾਲੋਜੀ ਆਦਿ ਸ਼ਾਮਲ ਹਨ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਰਿਟਾਇਰ ਜੱਜ ਦੇ ਤੌਰ 'ਤੇ ਆਪ ਜੀ ਨੂੰ ਸੰਨ 1985 ਵਿਚ ਪੰਜਾਬ ਦੀ ਸੁਰਜੀਤ ਸਿੰਘ ਬਰਨਾਲਾ ਸਰਕਾਰ ਵੱਲੋਂ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਕਿ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਹਜ਼ਾਰਾਂ ਸਿੱਖ ਨੌਜਵਾਨਾਂ ਦੇ ਮਾਮਲਿਆਂ ਦੀ ਜਾਂਚ ਕੀਤੀ ਜਾਵੇ। ਜਸਟਿਸ ਅਜੀਤ ਸਿੰਘ ਬੈਂਸ ਕਮਿਸ਼ਨ ਅਧੀਨ ਤਿੰਨ ਮੈਂਬਰੀ ਕਮੇਟੀ ਦੇ ਚੇਅਰਮੈਨ ਵਜੋਂ ਆਪ ਨੇ ਇਹ ਜ਼ਿੰਮੇਵਾਰੀ ਕੁਝ ਮਹੀਨਿਆਂ ਵਿੱਚ ਹੀ ਮੁਕੰਮਲ ਕਰਦਿਆਂ, ਸੱਚਾਈ ਬਾਹਰ ਲਿਆਂਦੀ ਅਤੇ ਅੱਠ ਹਜ਼ਾਰ ਸਿੱਖ ਨੌਜਵਾਨਾਂ ਨੂੰ ਬੇਕਸੂਰ ਕਰਾਰ ਦਿੰਦਿਆਂ ਰਿਹਾਈ ਦੇ ਫ਼ੈਸਲੇ ਸੁਣਾਏ। ਸਰਕਾਰ ਨੂੰ ਮਜਬੂਰਨ ਤਿੰਨ ਹਜ਼ਾਰ ਸਿੱਖ ਨੌਜਵਾਨ ਤੁਰੰਤ ਛੱਡਣੇ ਪਏ। ਜਦੋਂ ਆਪ ਤੋਂ ਇਹ ਪੁੱਛਿਆ ਗਿਆ ਕਿ ਇੰਨੀ ਜਲਦੀ ਇੰਨੇ ਨੌਜਵਾਨਾਂ ਦਾ ਨਿਰੀਖਣ ਕਰਕੇ ਉਨ੍ਹਾਂ ਨੂੰ ਬੇਕਸੂਰ ਕਿਵੇਂ ਕਰਾਰ ਦੇ ਦਿੱਤਾ, ਤਾਂ ਜਸਟਿਸ ਬੈਂਸ ਦਾ ਕਹਿਣਾ ਸੀ ਜਿਵੇਂ ਇਨ੍ਹਾਂ ਨੂੰ ਧੱਕੇ ਨਾਲ ਝੂਠੇ ਮਾਮਲਿਆਂ ਵਿਚ ਜੇਲ੍ਹੀਂ ਡੱਕਿਆ ਗਿਆ ਸੀ, ਉਸੇ ਤਰ੍ਹਾਂ ਹੀ ਮੈਂ ਜਾਂਚ ਕਰਦਿਆਂ ਇੱਕੋ ਪਲ ਵਿੱਚ ਇਨ੍ਹਾਂ ਨੂੰ ਰਿਹਾਈ ਦੇ ਹੁਕਮ ਸੁਣਾਏ ਹਨ। ਜਸਟਿਸ ਬੈਂਸ ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬ ਜੇਲ੍ਹ ਸੁਧਾਰ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਸੀ, ਪਰ 30 ਅਪ੍ਰੈਲ 1986 ਨੂੰ ਦਰਬਾਰ ਸਾਹਿਬ ਉੱਪਰ ਨੀਮ-ਫੌਜੀ ਦਲਾਂ ਦੇ ਦਾਖ਼ਲੇ ਵਿਰੁੱਧ ਰੋਸ ਵਜੋਂ, ਆਪ ਨੇ ਇਸ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

### ਜਸਟਿਸ ਬੈਂਸ ਨੂੰ ਸਰਕਾਰ ਵੱਲੋਂ 'ਅਗਵਾ' ਕਰ ਕੇ ਤਸ਼ੱਦਦ ਕਰਨ ਅਤੇ ਝੂਠੇ ਮਾਮਲੇ ਵਿੱਚ ਫਸਾਉਣ ਦੀ ਸਾਜ਼ਿਸ਼

ਦੇਸ਼ ਦੀ ਵੰਡ ਮਗਰੋਂ ਭਾਰਤ ਦੇ ਇਤਿਹਾਸ ਵਿੱਚ ਇਹ ਪਹਿਲਾ ਮਾਮਲਾ ਹੋਵੇਗਾ, ਜਦੋਂ ਇੱਕ ਸਾਬਕਾ ਜਸਟਿਸ ਨੂੰ ਸਰਕਾਰ ਵੱਲੋਂ ਗ੍ਰਿਫ਼ਤਾਰ ਕਰਕੇ, ਤਸ਼ੱਦਦ ਢਾਹਿਆ ਗਿਆ ਹੋਵੇ। 3 ਅਪਰੈਲ 1992 ਨੂੰ ਜਸਟਿਸ ਅਜੀਤ ਸਿੰਘ ਬੈਂਸ ਨੂੰ ਆਨੰਦਪੁਰ ਸਾਹਿਬ ਤੋਂ ਹੋਲਾ ਮਹੱਲਾ ਪੰਥਕ ਇਕੱਤਰਤਾ ਵਿੱਚ, 'ਦੇਸ਼- ਵਿਰੋਧੀ ਭਾਸ਼ਣ ਦੇਣ ਦਾ ਝੂਠਾ ਮਾਮਲਾ' ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਗ੍ਰਿਫ਼ਤਾਰੀ ਪੰਜਾਬ ਦੇ ਜ਼ਕਰੀਏ ਮੁੱਖ ਮੰਤਰੀ ਬੇਅੰਤ ਸਿੰਘ ਦੇ ਹੁਕਮ 'ਤੇ ਪੰਜਾਬ ਪੁਲਿਸ ਦੇ ਬੁੱਚੜ ਮੁਖੀ ਕੇਪੀਐੱਸ ਗਿੱਲ ਦੁਆਰਾ, ਅਤਿ-ਜ਼ੁਲਮੀ ਪੁਲਿਸ ਅਧਿਕਾਰੀ ਸੁਮੇਧ ਸੈਣੀ ਵੱਲੋਂ ਕੀਤੀ ਗਈ ਅਤੇ ਸਾਬਕਾ ਨਿਆਂਕਾਰ ਨੂੰ ਹੱਥਕੜੀਆਂ ਲਾ ਕੇ ਜੇਲ੍ਹ ਲਿਜਾਇਆ ਗਿਆ। ਜਸਟਿਸ ਬੈਂਸ ਆਪਣੀ ਟਿੱਪਣੀ ਵਿੱਚ ਲਿਖਦੇ ਹਨ ਕਿ ਉਨ੍ਹਾਂ ਨੂੰ 'ਗ੍ਰਿਫ਼ਤਾਰ ਨਹੀਂ, ਅਗਵਾ' ਕੀਤਾ ਗਿਆ ਸੀ। ਉਨ੍ਹਾਂ ਨੂੰ ਮੂੰਹ ਬੰਦ ਕਰ ਕੇ, ਚੁੱਕ ਕੇ ਥਾਣੇ ਵਿੱਚ ਲਿਜਾਇਆ ਗਿਆ ਅਤੇ ਤਸ਼ੱਦਦ ਕੀਤਾ ਗਿਆ। ਇਹ 'ਅਗਵਾ ਕਰਨ ਦਾ' ਇੱਕ ਸਪਸ਼ਟ ਕੇਸ ਸੀ ਅਤੇ ਅਗਵਾਕਾਰ ਭਾਰਤੀ ਪੁਲਿਸ ਸੀ। ਜਸਟਿਸ ਸਾਹਿਬ ਦੀ ਕਿਤਾਬ 'ਦਹਿਸ਼ਤਗਰਦ ਕੌਣ ? ਸਿੱਖ ਕਿ ਸਰਕਾਰ' ਵਿੱਚ ਟਿੱਪਣੀ ਅਨੁਸਾਰ ਉਨ੍ਹਾਂ ਦੇ ਘਰ ਤਲਾਸ਼ੀ ਲੈ ਕੇ ਕੀਮਤੀ ਸਾਮਾਨ ਚੋਰੀ ਕਰ ਲਿਆ ਗਿਆ, ਜੋ ਡਾਕੇ ਤੋਂ ਘੱਟ ਨਹੀਂ ਸੀ, ਪਰ 'ਇਹ ਡਾਕੂ ਪੁਲਿਸ' ਗਏ ਸਨ। ਉਨ੍ਹਾਂ ਨੂੰ ਜਿਸਮਾਨੀ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਅਤੇ ਇਹ ਮੁਜਰਮਾਨਾ ਡਰਾਵਾ ਦੇਣ ਵਾਲੇ ਬੰਦਿਆਂ ਨੇ 'ਰਾਜ ਦੀਆਂ ਵਰਦੀਆਂ' ਪਹਿਨੀਆਂ ਹੋਈਆਂ ਸਨ। ਜਸਟਿਸ ਅਜੀਤ ਸਿੰਘ ਦੇ ਕਥਨ ਵਿਚ ਉਹ ਇਸ ਨੂੰ 'ਰਾਜ ਦੀ ਦਹਿਸ਼ਤਗਰਦੀ' ਕਹਿੰਦੇ ਹਨ ਅਤੇ ਰਾਜ ਨੂੰ 'ਦਹਿਸ਼ਤਗਰਦੀ ਦੀ ਜੜ੍ਹ' ਕਹਿੰਦੇ ਹਨ। ਮਈ 1992 ਵਿੱਚ ਬੁੜੈਲ ਜੇਲ੍ਹ ਚੰਡੀਗੜ੍ਹ ਤੋਂ, ਜਸਟਿਸ ਅਜੀਤ ਸਿੰਘ ਬੈਂਸ ਦੇ ਲਿਖੇ ਇਹ ਸ਼ਬਦ ਦਿਲ ਝੰਜੋੜਨ ਵਾਲੇ ਹਨ। ਚਾਰ ਮਹੀਨੇ ਗ਼ੈਰ-ਕਾਨੂੰਨੀ ਢੰਗ ਨਾਲ ਜੇਲ੍ਹ ਵਿੱਚ ਰੱਖਣ ਮਗਰੋਂ ਆਪ ਨੂੰ ਜ਼ਮਾਨਤ ਮਿਲੀ। ਜਸਟਿਸ ਬੈਂਸ 'ਤੇ ਪਾਏ ਝੂਠੇ ਮਾਮਲੇ ਦੇ ਸਬੰਧ ਵਿੱਚ ਉੱਘੀਆਂ ਸ਼ਖ਼ਸੀਅਤਾਂ ਨਿਰਮਲ ਕੁਮਾਰ ਮੁਖਰਜੀ ਸਾਬਕਾ ਗਵਰਨਰ ਪੰਜਾਬ, ਆਰ ਐਸ ਨਰੂਲਾ ਸਾਬਕਾ ਚੀਫ਼ ਜਸਟਿਸ ਪੰਜਾਬ ਹਾਈਕੋਰਟ, ਰਜਨੀ ਕੋਠਾਰੀ, ਇੰਦਰਮੋਹਨ ਅਤੇ ਪਤਵੰਤ ਸਿੰਘ ਸਮੇਤ ਅਹਿਮ ਸ਼ਹਿਰੀਆਂ ਵੱਲੋਂ ਪਟੀਸ਼ਨ ਦਾਇਰ ਕੀਤੀ ਗਈ, ਪਰ ਡੇਢ ਵਰ੍ਹਾ ਲੰਘ ਜਾਣ ਦੇ ਬਾਵਜੂਦ ਵੀ ਸੁਣਵਾਈ ਦੀ ਤਾਰੀਖ ਨਿਸ਼ਚਤ ਨਾ ਹੋਈ। ਆਖਰਕਾਰ ਸੰਨ 1996 ਵਿੱਚ ਜਸਟਿਸ ਅਜੀਤ ਸਿੰਘ ਬੈਂਸ ਨੂੰ ਝੂਠੇ ਮਾਮਲਿਆਂ 'ਚ ਬਰੀ ਕੀਤਾ ਗਿਆ, ਪਰ ਭਾਰਤ ਸਰਕਾਰ ਦੇ ਮੱਥੇ ਤੋਂ ਇੱਕ ਸਾਬਕਾ ਜਸਟਿਸ ਨੂੰ ਝੂਠੇ ਮਾਮਲੇ 'ਚ ਜੇਲ੍ਹ ਚ ਸੁੱਟਣ ਦਾ ਕਲੰਕ ਕਦੇ ਨਹੀਂ ਮਿਟੇਗਾ।

### ਜਸਟਿਸ ਅਜੀਤ ਸਿੰਘ ਬੈਂਸ ਦੀ ਕੈਨੇਡਾ ਨਾਲ ਸਾਂਝ

ਜਸਟਿਸ ਬੈਂਸ ਸਾਹਿਬ ਦੀ ਕੈਨੇਡਾ ਨਾਲ ਡੂੰਘੀ ਸਾਂਝ ਦੀ ਕੜੀ, ਉਨ੍ਹਾਂ ਦੇ ਸਭ ਤੋਂ ਛੋਟੇ ਭਰਾ ਹਰਦਿਆਲ ਬੈਂਸ, ਛੋਟੀ ਭੈਣ ਬੀਬੀ ਰਣਜੀਤ ਕੌਰ ਹੁੰਦਲ ਸਮੇਤ ਸਮੂਹ ਨਜ਼ਦੀਕੀ ਪਰਿਵਾਰ, ਸਿੱਖ ਪੰਥ ਅਤੇ ਮਨੁੱਖੀ ਹੱਕਾਂ ਦੇ ਪਹਿਰੇਦਾਰ ਕਹੇ ਜਾ ਸਕਦੇ ਹਨ ਜਿਨ੍ਹਾਂ ਨੂੰ ਬੈਂਸ ਸਾਹਿਬ ਵਾਰ-ਵਾਰ ਮਿਲਦੇ ਰਹੇ। ਸੰਨ 1975 ਵਿੱਚ ਜਦੋਂ ਭਾਰਤ ਅੰਦਰ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਲਾਈ ਗਈ ਸੀ, ਉਸ ਸਮੇਂ ਜਸਟਿਸ ਬੈਂਸ ਕੈਨੇਡਾ ਵਿਚ ਸਨ ਅਤੇ ਇੱਕ ਵਾਰ ਉਨ੍ਹਾਂ ਮਨ ਵੀ ਬਣਾਇਆ ਕਿ ਉਹ ਵਾਪਸ ਪਰਤਣ ਦੀ ਥਾਂ, ਇੱਥੋਂ ਹੀ ਮਨੁੱਖੀ ਅਧਿਕਾਰਾਂ ਦਾ ਸੰਘਰਸ਼ ਕਰਨਗੇ, ਜਿੱਥੇ ਉਨ੍ਹਾਂ ਦੇ ਭਰਾ ਅਤੇ ਕਮਿਊਨਿਸਟ ਪਾਰਟੀ ਮਾਰਕਸਵਾਦੀ ਲੈਨਿਨਵਾਦੀ ਦੇ ਆਗੂ ਹਰਦਿਆਲ ਬੈਂਸ ਸਰਕਾਰ ਵਿਰੁੱਧ, ਮਨੁੱਖੀ ਹੱਕਾਂ ਲਈ ਸੰਘਰਸ਼ ਕਰ ਰਹੇ ਸਨ। ਮਗਰੋਂ ਪਰਿਵਾਰਕ ਸੂਤਰਾਂ ਦੇ ਜ਼ੋਰ ਪਾਉਣ 'ਤੇ ਆਪ ਵਾਪਸ ਪਰਤੇ। ਦੂਸਰੇ ਪਾਸੇ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਹਰਦਿਆਲ ਬੈਂਸ ਨੂੰ ਭਾਰਤ ਸਰਕਾਰ ਵੱਲੋਂ 1975 'ਚ 'ਬਲੈਕ ਲਿਸਟ' ਕਰ ਦਿੱਤਾ ਗਿਆ ਸੀ। ਸੰਨ 1988 ਵਿੱਚ ਜਦੋਂ ਭਾਰਤ ਦਾ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਕੈਨੇਡਾ ਵਿੱਚ ਵੈਨਕੂਵਰ ਦੇ ਦੌਰੇ 'ਤੇ ਸੀ, ਉਸ ਵੇਲੇ ਵੀ ਵੈਨਕੂਵਰ ਵਿੱਚ ਹੀ ਹੋ ਰਹੀ ਮਨੁੱਖੀ ਅਧਿਕਾਰਾਂ ਸਬੰਧੀ ਕਾਨਫ਼ਰੰਸ ਵਿੱਚ ਜਸਟਿਸ ਸਾਹਿਬ ਸੰਬੋਧਨ ਕਰਦੇ ਰਹੇ ਅਤੇ ਭਾਰਤ ਵਿੱਚ ਹੋ ਰਹੀਆਂ ਧੱਕੇਸ਼ਾਹੀਆਂ ਨੂੰ ਸੰਸਾਰ ਸਾਹਮਣੇ ਰੱਖਦੇ ਰਹੇ। ਸੰਨ 1995 ਵਿੱਚ ਮਨੁੱਖੀ ਅਧਿਕਾਰਾਂ ਦੇ ਜਾਂਬਾਜ਼ ਯੋਧੇ ਸ਼ਹੀਦ ਜਸਵੰਤ ਸਿੰਘ ਖਾਲੜਾ ਅਤੇ ਜਸਟਿਸ ਅਜੀਤ ਸਿੰਘ ਬੈਂਸ ਇਕੱਠੇ, ਕੈਨੇਡਾ ਦੀ ਰਾਜਧਾਨੀ ਔਟਵਾ ਸਥਿਤ ਪਾਰਲੀਮੈਂਟ ਵਿਖੇ, ਮਨੁੱਖੀ ਅਧਿਕਾਰਾਂ ਦੀ ਕਾਨਫ਼ਰੰਸ ਵਿੱਚ ਸ਼ਾਮਲ ਹੋਏ। ਦੋਹਾਂ ਨੇ ਭਾਰਤ ਦੀਆਂ ਫਾਸ਼ੀਵਾਦੀ ਨੀਤੀਆਂ ਦੀ ਸੱਚਾਈ ਸੰਸਾਰ ਸਾਹਮਣੇ ਰੱਖੀ। ਜਿੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਨੇ ਪੱਚੀ ਹਜ਼ਾਰ ਲਾਵਾਰਸ ਲਾਸ਼ਾਂ ਦੀ ਦਾਸਤਾਨ ਬਿਆਨ ਕੀਤੀ, ਉਥੇ ਜਸਟਿਸ ਅਜੀਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਵਿੱਚ ਇੱਕ ਲੱਖ ਤੋਂ ਵੱਧ ਸਿੱਖ ਨੌਜਵਾਨ ਸਰਕਾਰ ਵੱਲੋਂ ਸ਼ਹੀਦ ਕੀਤੇ ਜਾ ਚੁੱਕੇ ਹਨ। ਉਨ੍ਹਾਂ ਪੰਜਾਬ ਵਿੱਚ ਅਸਲ ਵਿੱਚ 'ਕਬਰਾਂ ਦੀ ਸ਼ਾਂਤੀ' ਦੇ ਮਾਹੌਲ ਦੱਸਦਿਆਂ, ਅੰਤਰਰਾਸ਼ਟਰੀ ਭਾਈਚਾਰੇ ਤੋਂ ਮੰਗ ਕੀਤੀ ਕਿ ਟਾਡਾ ਅਤੇ ਹੋਰ ਕਾਲੇ ਕਾਨੂੰਨ ਵਾਪਸ ਲੈਣ ਲਈ, ਭਾਰਤ ਸਰਕਾਰ 'ਤੇ ਦਬਾਅ ਪਾਇਆ ਜਾਏ। ਇੱਥੇ ਜ਼ਿਕਰਯੋਗ ਹੈ ਕਿ ਕੈਨੇਡਾ ਦੀ ਵਾਪਸੀ ਮਗਰੋਂ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰਕੇ, ਪੰਜਾਬ ਪੁਲਿਸ ਵੱਲੋਂ ਸ਼ਹੀਦ ਕਰ ਦਿੱਤਾ ਗਿਆ ਸੀ।

ਜਸਟਿਸ ਅਜੀਤ ਸਿੰਘ ਬੈਂਸ ਨੇ ਜੀਵਨ ਭਰ ਮਨੁੱਖੀ ਅਧਿਕਾਰਾਂ ਦਾ ਘੋਲ ਕਰਦਿਆਂ, ਸਿੱਖ ਸੰਘਰਸ਼ ਦੇ ਨੌਜਵਾਨਾਂ ਲਈ ਹਾਅ ਦਾ ਨਾਅਰਾ ਮਾਰਿਆ। ਉਨ੍ਹਾਂ ਦੀਆਂ ਵੈਦਿਆ ਕਤਲ ਕੇਸ ਵਿੱਚ ਸ਼ਹੀਦ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਨਾਲ ਪੂਨਾ ਜੇਲ੍ਹ 'ਚ ਮੁਲਾਕਾਤਾਂ, ਮੁੱਖ ਮੰਤਰੀ ਬੇਅੰਤ ਕਤਲ ਕੇਸ ਵਿੱਚ ਸ਼ਾਮਲ ਭਾਈ ਜਗਤਾਰ ਸਿੰਘ ਹਵਾਰਾ, ਭਾਈ ਪਰਮਜੀਤ ਸਿੰਘ ਭਿਓਰਾ ਤੇ ਭਾਈ ਜਗਤਾਰ ਸਿੰਘ ਤਾਰਾ ਨਾਲ ਬੁੜੈਲ ਜੇਲ੍ਹ ਚ ਮੁਲਾਕਾਤਾਂ ਸਮੇਤ ਅਨੇਕਾਂ ਹੋਰ ਖਾੜਕੂਆਂ ਨਾਲ ਮੁਲਾਕਾਤਾਂ ਅਤੇ ਸ਼ਹੀਦ ਸਿੰਘਾਂ ਦੇ ਭੋਗਾਂ ਤੇ ਸ਼ਮੂਲੀਅਤ ਇਤਿਹਾਸਿਕ ਵੇਰਵੇ ਹਨ। ਆਪ ਨੇ ਪ੍ਰੋਫੈਸਰ ਦਵਿੰਦਰ ਪਾਲ ਸਿੰਘ ਭੁੱਲਰ ਦੀ ਮੌਤ ਦੀ ਸਜ਼ਾ ਦੇ ਵਿਰੁੱਧ ਲੰਮਾ ਸੰਘਰਸ਼ ਕਰਦਿਆਂ, ਜਰਮਨ ਸਰਕਾਰ ਦੇ ਚਾਂਸਲਰ ਤੱਕ ਪਹੁੰਚ ਕੀਤੀ। ਦੂਸਰੇ ਪਾਸੇ 'ਗੋਲ਼ੀ ਬਦਲੇ ਗੋਲ਼ੀ' ਦੀ ਘਿਨਾਉਣੀ ਸੋਚ ਧਾਰਨੀ ਪੰਜਾਬ ਦੇ ਸਾਬਕਾ ਪੁਲੀਸ ਮੁਖੀ ਜੂਲੀਓ ਐਫ ਰਿਬੈਰੋ ਦੀਆਂ ਧੱਕੇਸ਼ਾਹੀਆਂ ਅਤੇ ਜਬਰ ਖ਼ਿਲਾਫ਼ ਲਗਾਤਾਰ ਆਵਾਜ਼ ਬੁਲੰਦ ਕਰਦੇ ਰਹੇ।

### ਪੰਜਾਬ ਪੀਪਲਜ਼ ਕਮਿਸ਼ਨ ਅਤੇ 'ਕੋ- ਆਰਡੀਨੇਸ਼ਨ ਕਮੇਟੀ ਫਾਰ ਡਿਸਅਪੀਰੈਂਸ ਇਨ ਪੰਜਾਬ' ਰਾਹੀਂ ਸੇਵਾਵਾਂ

ਸੰਨ 1997 ਵਿਚ ਜਸਟਿਸ ਕੁਲਦੀਪ ਸਿੰਘ ਨਾਲ ਮਿਲ ਕੇ ਪੰਜਾਬ ਪੀਪਲਜ਼ ਕਮਿਸ਼ਨ ਕਾਇਮ ਕਰਦਿਆਂ ਜਸਟਿਸ ਅਜੀਤ ਸਿੰਘ ਬੈਂਸ ਵੱਲੋਂ ਜ਼ੋਰਦਾਰ ਸੰਘਰਸ਼ ਕੀਤਾ ਗਿਆ, ਪਰ ਸਰਕਾਰੀ ਤਸ਼ੱਦਦ, ਵਿਕਾਊ ਪ੍ਰੈੱਸ-ਮੀਡੀਆ, ਅਖੌਤੀ ਖੱਬੇ ਪੱਖੀਆਂ ਅਤੇ ਜਾਅਲੀ ਕਾਮਰੇਡਾਂ ਦੀਆਂ ਜ਼ਾਲਮ ਸਰਕਾਰ -ਪੱਖੀ ਸਾਜਿਸ਼ਾਂ ਕਾਰਨ, ਇਹ ਕਮਿਸ਼ਨ ਰੱਦ ਕਰ ਦਿੱਤਾ ਗਿਆ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੀਪਲਜ਼ ਕਮਿਸ਼ਨ ਤੇ ਪਾਬੰਦੀ ਲਗਾ ਦਿੱਤੀ। ਆਪ ਨੇ ਉੱਘੇ ਕਾਨੂੰਨ ਮਾਹਰ ਰਾਮ ਨਰਾਇਣ ਨਾਲ ਮਿਲ ਕੇ, 'ਕੋ- ਆਰਡੀਨੇਸ਼ਨ ਕਮੇਟੀ ਫਾਰ ਡਿਸਅਪੀਰੈਂਸ ਇਨ ਪੰਜਾਬ' ਰਾਹੀਂ ਵੀ ਵਡਮੁੱਲੀਆਂ ਸੇਵਾਵਾਂ ਨਿਭਾਈਆਂ।

### ਵਡਮੁੱਲੀਆਂ ਲਿਖਤਾਂ ਅਤੇ ਰਿਪੋਰਟਾਂ

ਜਸਟਿਸ ਅਜੀਤ ਸਿੰਘ ਬੈਂਸ ਦੀਆਂ ਬਤੌਰ ਜੱਜ ਅਤੇ ਮਨੁੱਖੀ ਅਧਿਕਾਰਾਂ ਦੀ ਕਾਰਕੁਨ ਵਜੋਂ ਲਿਖੀਆਂ ਕਿਤਾਬਾਂ ਇਤਿਹਾਸਕ ਦਸਤਾਵੇਜ਼ ਹਨ। ਆਪ ਦੀ ਲਿਖਤ 'ਸਿੱਖਾਂ ਦੀ ਘੇਰਾਬੰਦੀ' ਅੰਗਰੇਜ਼ੀ ਅਤੇ ਪੰਜਾਬੀ ਵਿੱਚ ਪ੍ਰਕਾਸ਼ਤ ਹੈ, ਜਿਸ ਵਿੱਚ ਆਪ ਨੇ ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਤੱਥ ਵਿਸਥਾਰ ਸਹਿਤ ਪੇਸ਼ ਕਰਕੇ, ਸੰਸਾਰ ਦੇ ਅੱਗੇ ਸਾਹਮਣੇ ਰੱਖੇ ਹਨ। ਜਸਟਿਸ ਸਾਹਿਬ ਦੇ ਕਿਤਾਬ 'ਦਹਿਸ਼ਤਗਰਦ ਕੌਣ ? ਸਿੱਖ ਕਿ ਸਰਕਾਰ' ਵਿੱਚ ਹਕੂਮਤੀ ਦਹਿਸ਼ਤਗਰਦੀ ਅਤੇ ਮਨੁੱਖੀ ਅਧਿਕਾਰਾਂ ਦੇ ਪ੍ਰਸੰਗ ਵਿੱਚ ਭਾਰਤ ਦੀ ਹਾਲਤ ਬਿਆਨ ਕੀਤੀ ਗਈ ਹੈ। ਇਸ ਕਿਤਾਬ ਰਾਹੀਂ ਉਨ੍ਹਾਂ ਭਰ ਦੀਆਂ ਸਮੂਹ ਘੱਟ ਗਿਣਤੀਆਂ, ਅਗਾਂਹਵਧੂ ਤਾਕਤਾਂ ਐਕਟੀਵਿਸਟ ਅਤੇ ਬੁੱਧੀਜੀਵੀਆਂ ਨੂੰ ਇਕੱਠੇ ਹੋ ਕੇ, ਸਰਕਾਰੀ ਦਹਿਸ਼ਤਵਾਦ ਖ਼ਿਲਾਫ਼ ਡਟਣ ਦਾ ਸੁਨੇਹਾ ਦਿੱਤਾ ਹੈ। ਇਸ ਤੋਂ ਇਲਾਵਾ ਜਸਟਿਸ ਸਾਹਿਬ ਦੇ ਮਨੁੱਖੀ ਅਧਿਕਾਰਾਂ ਸਬੰਧੀ ਬਹੁਤ ਸਾਰੇ ਅਹਿਮ ਦਸਤਾਵੇਜ਼ ਅਤੇ ਰਿਪੋਰਟਾਂ ਵੀ ਜ਼ਿਕਰਯੋਗ ਹਨ। ਆਪ ਜੀ ਬਾਰੇ ਕਈ ਕਿਤਾਬਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ 'ਮਨੁੱਖੀ ਹੱਕਾਂ ਦਾ ਮਸੀਹਾ ਜਸਟਿਸ ਅਜੀਤ ਸਿੰਘ ਬੈਂਸ' (ਲੇਖਕ ਖੋਜੀ ਕਾਫ਼ਰ) ਅਤੇ ਮਲਿਕਾ ਸਿੰਘ ਦੀ ਅੰਗਰੇਜ਼ੀ ਵਿਚ ਕਿਤਾਬ ਆਦਿ ਸ਼ਾਮਿਲ ਹਨ।

ਜਸਟਿਸ ਅਜੀਤ ਸਿੰਘ ਬੈਂਸ ਆਖ਼ਰੀ ਸਮੇਂ ਤੱਕ ਸੰਘਰਸ਼ ਕਰਦੇ ਰਹੇ। ਇਕ ਜਾਣਕਾਰੀ ਅਨੁਸਾਰ ਜਨਵਰੀ 1922 ਵਿਚ ਵੀ ਇੱਕ ਕੇਸ ਲਈ ਜਸਟਿਸ ਸਾਹਿਬ ਆਪਣੀ ਸਟੇਟਮੈਂਟ ਦਰਜ ਕਰਵਾ ਕੇ ਗਏ। ਦਿਲਚਸਪ ਪਹਿਲੂ ਇਹ ਵੀ ਹੈ ਕਿ ਬੈਂਸ ਸਾਹਿਬ ਦੇ 100 ਵਰ੍ਹੇ ਦੀ ਆਰੰਭਤਾ ਮੌਕੇ, ਚੰਡੀਗੜ੍ਹ ਪੁਲੀਸ ਵੱਲੋਂ ਉਨ੍ਹਾਂ ਨੂੰ ਜਨਮ ਦਿਨ 'ਤੇ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ ਗਿਆ। ਜ਼ਿਕਰਯੋਗ ਹੈ ਕਿ ਚੰਡੀਗੜ੍ਹ ਪੁਲੀਸ ਨੇ ਹੀ ਕਿਸੇ ਸਮੇਂ ਬੈਂਸ ਸਾਹਿਬ ਨੂੰ ਗ੍ਰਿਫਤਾਰ ਕੀਤਾ ਸੀ। 11 ਫਰਵਰੀ 2022 ਨੂੰ ਜਸਟਿਸ ਅਜੀਤ ਸਿੰਘ ਬੈਂਸ, ਕਰੀਬ 100 ਸਾਲ ਦੀ ਲੰਮੀ ਉਮਰ ਭੋਗਦਿਆਂ, ਚੜ੍ਹਦੀ ਕਲਾ ਵਿੱਚ, ਗੁਰੂ ਚਰਨਾਂ ਵਿਚ ਜਾ ਬਿਰਾਜੇ। ਮਨੁੱਖੀ ਹੱਕਾਂ ਦੇ ਮਹਾਨ ਯੋਧੇ ਜਸਟਿਸ ਅਜੀਤ ਸਿੰਘ ਬੈਂਸ ਦਾ ਸੌ ਸਾਲਾ ਸੰਘਰਸ਼ਮਈ ਸਫਰ ਕੇਵਲ ਸਿੱਖਾਂ ਲਈ ਹੀ ਨਹੀਂ, ਬਲਕਿ ਕੁੱਲ ਮਨੁੱਖੀ ਸੰਘਰਸ਼ ਲਈ ਪ੍ਰੇਰਨਾ ਸਰੋਤ ਬਣਿਆ ਰਹੇਗਾ।

ਜਨਮ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ : ਮਨੁੱਖੀ ਹੱਕਾਂ ਦੇ ਮਹਾਨ ਯੋਧੇ ਜਸਟਿਸ ਅਜੀਤ ਸਿੰਘ ਬੈਂਸ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ, ਸਰੀ ਦੀ ਸਟਰਾਅਬੈਰੀ ਹਿੱਲ ਲਾਇਬ੍ਰੇਰੀ (7399 122 ਸਟਰੀਟ) ਵਿਖੇ 22 ਮਈ ਦਿਨ ਐਤਵਾਰ ਨੂੰ, ਬਾਅਦ ਦੁਪਹਿਰ 1.30-4.30 ਦੌਰਾਨ ਕਰਵਾਇਆ ਜਾ ਰਿਹਾ ਹੈ। ਇਸ ਮੌਕੇ 'ਤੇ ਜਸਟਿਸ ਸਾਹਿਬ ਦੇ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਪਾਏ ਵੱਡੇ ਯੋਗਦਾਨ ਤੋਂ ਇਲਾਵਾ, ਉਨ੍ਹਾਂ ਦੀ ਜੀਵਨ ਸੰਘਰਸ਼ ਅਤੇ ਜੇਲ੍ਹ ਯਾਤਰਾ ਬਾਰੇ ਵੀ ਵਿਚਾਰਾਂ ਹੋਣਗੀਆਂ। ਇਸ ਮੌਕੇ ਤੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸੁਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਜੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਣਗੇ। 'ਮਨੁੱਖੀ ਅਧਿਕਾਰਾਂ ਦੇ ਯੋਧੇ' ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕਰਨ ਲਈ 22 ਮਈ ਨੂੰ ਹੋ ਰਹੇ ਸੈਮੀਨਾਰ ਵਿਚ, ਸਾਰੀਆਂ ਜਥੇਬੰਦੀਆਂ ਨੂੰ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਨੰਬਰ ਹਨ : ਭੁਪਿੰਦਰ ਸਿੰਘ ਮੱਲ੍ਹੀ -604 765 3063.

BADH Accounting Services
32 Years Experience in Accounting
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House
To Sell & Save
Thousands Dollars
& Guaranteed Sold"
Residential
Construction
Commercial
New Immigrants
Self Employed
Private Mortgages
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਸਿੱਖ ਕੈਦੀਆਂ ਦੀ ਰਿਹਾਈ ਲਈ 9 ਮੈਂਬਰੀ ਸਾਂਝੀ ਪੰਥਕ ਕਮੇਟੀ ਦਾ ਗਠਨ

ਅੰਮ੍ਰਿਤਸਰ (ਲਾਂਬਾ)-ਲੰਮੇ ਸਮੇਂ ਤੋਂ ਸਜ਼ਾ ਪੂਰੀ ਕਰਨ ਦੇ ਬਾਵਜੂਦ ਜੇਲ੍ਹਾਂ ਵਿੱਚ ਬੰਦ ਸਿੱਖਾਂ ਦੀ ਰਿਹਾਈ ਸਬੰਧੀ ਸਾਂਝੇ ਪੰਥਕ ਯਤਨਾਂ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇੱਕ ਨੌਂ ਮੈਂਬਰੀ ਕਮੇਟੀ ਕਾਇਮ ਕੀਤੀ ਹੈ। ਬੰਦੀ ਸਿੱਖਾਂ ਦੀ ਰਿਹਾਈ ਲਈ ਸਾਂਝੇ ਤੌਰ 'ਤੇ ਚਾਰਾਜੋਈ ਕਰਨ ਵਾਸਤੇ ਬਣਾਈ ਗਈ ਇਸ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਣੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਸੰਤ ਸਮਾਜ ਵੱਲੋਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਨਿਹੰਗ ਸਿੰਘ ਜਥੇਬੰਦੀਆਂ ਵਿੱਚੋਂ ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਅਤੇ ਸਿੱਖ ਪ੍ਰਚਾਰਕ ਬਾਬਾ ਬਲਜੀਤ ਸਿੰਘ ਦਾਦੂਵਾਲ ਦੇ ਨਾਂ ਸ਼ਾਮਲ ਕੀਤੇ ਗਏ ਹਨ। ਸ੍ਰੀ ਧਾਮੀ ਨੇ ਦੱਸਿਆ ਕਿ ਇਹ ਕਮੇਟੀ ਬੰਦੀ ਸਿੱਖਾਂ ਦੀ ਰਿਹਾਈ ਲਈ ਯਤਨਸ਼ੀਲ ਸੰਸਥਾਵਾਂ ਤੇ ਸ਼ਖ਼ਸੀਅਤਾਂ ਦੇ ਸਹਿਯੋਗ ਨਾਲ ਕੰਮ ਕਰੇਗੀ।




# ਭਾਰਤੀ ਮੁੱਕੇਬਾਜ਼ ਨਿਖਤ ਜ਼ਰੀਨ ਨੇ ਜਿੱਤੀ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ

ਨਵੀਂ ਦਿੱਲੀ-ਭਾਰਤੀ ਮੁੱਕੇਬਾਜ਼ ਨਿਖ਼ਤ ਜ਼ਰੀਨ (52 ਕਿਲੋ) ਨੇ ਇਸਤੰਬੁਲ ਵਿੱਚ ਮਹਿਲਾ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਜਿੱਤ ਲਈ ਹੈ। ਜ਼ਰੀਨ ਫਾਈਨਲ ਵਿੱਚ ਥਾਈਲੈਂਡ ਦੀ ਜਿਟਪੋਂਗ ਜੁਟਾਮਸ ਨੂੰ 5-0 ਨਾਲ ਹਰਾ ਕੇ ਵਿਸ਼ਵ ਚੈਂਪੀਅਨ ਬਣੀ ਹੈ। ਤਿਲੰਗਾਨਾ ਦੀ ਮੁੱਕੇਬਾਜ਼ ਜ਼ਰੀਨ ਨੇ ਪੂਰੇ ਟੂਰਨਾਮੈਂਟ ਦੌਰਾਨ ਆਪਣੇ ਵਿਰੋਧੀ ਮੁੱਕੇਬਾਜ਼ਾਂ 'ਤੇ ਦਬਦਬਾ ਬਣਾਈ ਰੱਖਿਆ ਅਤੇ ਫਾਈਨਲ ਵਿੱਚ ਥਾਈਲੈਂਡ ਦੀ ਮੁੱਕੇਬਾਜ਼ ਨੂੰ 30-27, 29-28, 29-28, 30-27, 29-28 ਨਾਲ ਹਰਾਇਆ। ਨਿਖ਼ਤ ਜ਼ਰੀਨ ਵਿਸ਼ਵ ਚੈਂਪੀਅਨਸ਼ਿਪ ਜਿੱਤਣ ਵਾਲੀ ਪੰਜਵੀਂ ਭਾਰਤੀ ਮਹਿਲਾ ਮੁੱਕੇਬਾਜ਼ ਬਣ ਗਈ ਹੈ। ਭਾਰਤ ਦਾ ਇਸ ਚੈਂਪੀਅਨਸ਼ਿਪ ਵਿੱਚ ਇਹ ਪਹਿਲਾ ਸੋਨ ਤਗ਼ਮਾ ਹੈ। ਇਸ ਤੋਂ ਪਹਿਲਾਂ ਛੇ ਵਾਰ ਦੀ ਚੈਂਪੀਅਨ ਐੱਮ.ਸੀ. ਮੈਰੀਕੌਮ (2002, 2005, 2006, 2008, 2010 ਅਤੇ 2018) ਸਰਿਤਾ ਦੇਵੀ (2006), ਜੇਨੀ ਆਰ.ਐੱਲ. (2006), ਅਤੇ ਲੇਖਾ ਕੇ.ਸੀ. ਇਹ ਖ਼ਿਤਾਬ ਜਿੱਤ ਚੁੱਕੀਆਂ ਹਨ। ਮਹਿਲਾ ਵਿਸ਼ਵ ਚੈਂਪੀਅਨਸ਼ਿਪ ਵਿੱਚ ਭਾਰਤ ਦੇ ਨਾਂ ਹੁਣ 39 ਤਗ਼ਮੇ ਹੋ ਗਏ ਹਨ, ਜਿਸ ਵਿੱਚ 10 ਸੋਨ, 8 ਚਾਂਦੀ ਅਤੇ 21 ਕਾਂਸੀ ਦੇ ਤਗ਼ਮੇ ਸ਼ਾਮਲ ਹਨ। ਇਸੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕਰਕੇ ਭਾਰਤੀ ਮਹਿਲਾ ਮੁੱਕੇਬਾਜ਼ ਨਿਖ਼ਤ ਜ਼ਰੀਨ ਨੂੰ ਮਹਿਲਾ ਵਿਸ਼ਵ ਚੈਂਪੀਅਨਸ਼ਿਪ ਜਿੱਤਣ 'ਤੇ ਵਧਾਈ ਦਿੱਤੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਨਿਖ਼ਤ ਜ਼ਰੀਨ ਦੀ ਜਿੱਤ ਨੇ ਭਾਰਤੀਆਂ ਦਾ ਮਾਣ ਵਧਾਇਆ ਹੈ। ਉਨ੍ਹਾਂ ਨੇ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਗ਼ਮਾ ਜੇਤੂ ਮਨੀਸ਼ਾ ਮੌਨ ਤੇ ਪ੍ਰਵੀਨ ਹੁੱਡਾ ਨੂੰ ਵੀ ਜਿੱਤ ਦੀ ਵਧਾਈ ਹੈ।

# ਵੈਨਕੂਵਰ ਵਿਚ ਦੋ ਔਰਤਾਂ ਨਾਲ ਛੇੜਛਾੜ ਕਰਨ ਵਾਲਾ ਨੌਜਵਾਨ ਗ੍ਰਿਫ਼ਤਾਰ

ਵੈਨਕੂਵਰ-ਵੈਨਕੂਵਰ ਦੇ ਇਕ ਮਨਚਲੇ ਵਿਅਕਤੀ ਨੂੰ ਦੋ ਔਰਤਾਂ ਨਾਲ ਛੇੜਛਾੜ ਕਰਨ ਪਿੱਛੋਂ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਛੇੜਛਾੜ ਕੀਤੇ ਜਾਣ ਕਾਰਨ ਔਰਤਾਂ ਹੈਰਾਨ ਹੋ ਗਈਆਂ ਤੇ ਘਬਰਾ ਗਈਆਂ ਪਰ ਉਨ੍ਹਾਂ ਤੁਰੰਤ ਪੁਲਿਸ ਨੂੰ ਘਟਨਾਵਾਂ ਬਾਰੇ ਜਾਣਕਾਰੀ ਦਿੱਤੀ। ਸ਼ੱਕੀ ਨੂੰ ਲੱਭਣ ਵਿਚ ਇਕ ਗਵਾਹ ਨੇ ਪੁਲਿਸ ਦੀ ਮਦਦ ਕੀਤੀ। ਸਨਿਚਰਵਾਰ ਡਾਊਨਟਾਊਨ ਵੈਨਕੂਵਰ ਵਿਚ ਦੋ ਔਰਤਾਂ ਨਾਲ ਛੇੜਛਾੜ ਕੀਤੇ ਜਾਣ ਪਿੱਛੋਂ ਪੁਲਿਸ ਨੇ ਗ੍ਰਿਫ਼ਤਾਰੀ ਕੀਤੀ। ਪੁਲਿਸ ਨੇ ਦੱਸਿਆ ਕਿ ਇਕ 29 ਸਾਲਾ ਔਰਤ ਨੂੰ ਇਕ ਅਜਨਬੀ ਨੇ ਉਸ ਸਮੇਂ ਫੜ ਲਿਆ ਜਦੋਂ ਉਹ ਹੋਵ ਤੇ ਵੈਸਟ ਜਾਰਜੀਆਂ ਸੜਕਾਂ ਨੇੜੇ ਵੈਨਕੂਵਰ ਆਰਟ ਗੈਲਰੀ ਦੇ ਬਾਹਰ ਖੜੀ ਸੀ। ਤਿੰਨ ਬਲਾਕਾਂ ਦੀ ਦੂਰੀ ਤੇ ਕੁਝ ਮਿੰਟ ਬਾਅਦ ਇਕ 24 ਸਾਲਾ ਔਰਤ ਜਿਹੜੀ ਵੈਸਟ ਜਾਰਜੀਆ ਤੇ ਥਰਲੋ ਸਟਰੀਟ ਨੇੜੇ ਸੈਰ ਕਰ ਰਹੀ ਸੀ 'ਤੇ ਵੀ ਜਿਣਸੀ ਹਮਲਾ ਕੀਤਾ ਗਿਆ। ਇਕ ਰਾਹਗੀਰ ਨੇ ਘਟਨਾ ਨੂੰ ਦੇਖਿਆ ਤੇ ਪੁਲਿਸ ਨੂੰ ਸੂਚਨਾ ਦਿੱਤੀ ਅਤੇ ਦੂਰ ਰਹਿ ਕੇ ਹਮਲਾਵਰ ਦਾ ਪਿੱਛਾ ਕੀਤਾ। 23 ਸਾਲਾ ਟਾਇਰਲ ਡੇਲੋਰਮ ਜਿਣਸੀ ਸੋਸ਼ਣ ਦੇ ਦੋ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ। ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ।

# 47 ਦੀ ਵੰਡ ਦੌਰਾਨ ਵਿਛੜੀ ਭੈਣ ਮੁਮਤਾਜ਼ ਸਿੱਖ ਭਰਾਵਾਂ ਨੂੰ ਮਿਲੀ

ਕਰਤਾਰਪੁਰ ਸਾਹਿਬ-1947 ਦੀ ਵੰਡ ਵੇਲੇ ਹੋਈ ਹਿੰਸਾ ਦੌਰਾਨ ਆਪਣੇ ਪਰਿਵਾਰ ਤੋਂ ਵਿਛੜੀ ਔਰਤ ਕਰਤਾਰਪੁਰ ਵਿੱਚ ਆਪਣੇ ਸਿੱਖ ਭਰਾਵਾਂ ਨੂੰ ਮਿਲਣ ਆਈ। ਡਾਅਨ ਨਿਊਜ਼ ਦੀ ਰਿਪੋਰਟ ਮੁਤਾਬਕ ਵੰਡ ਵੇਲੇ ਮੁਮਤਾਜ਼ ਬੀਬੀ ਆਪਣੀ ਮਾਂ ਦੀ ਲਾਸ਼ 'ਤੇ ਪਈ ਸੀ, ਜਿਸ ਨੂੰ ਹਿੰਸਕ ਭੀੜ ਨੇ ਮਾਰ ਦਿੱਤਾ ਸੀ। ਮੁਹੰਮਦ ਇਕਬਾਲ ਅਤੇ ਉਸ ਦੀ ਪਤਨੀ ਅੱਲ੍ਹਾ ਰਾਖੀ ਨੇ ਬੱਚੀ ਨੂੰ ਗੋਦ ਲੈ ਕੇ ਆਪਣੀ ਧੀ ਵਜੋਂ ਪਾਲਿਆ ਅਤੇ ਉਸ ਦਾ ਨਾਮ ਮੁਮਤਾਜ਼ ਬੀਬੀ ਰੱਖਿਆ। ਵੰਡ ਤੋਂ ਬਾਅਦ ਇਕਬਾਲ ਨੇ ਪੰਜਾਬ ਸੂਬੇ ਦੇ ਸ਼ੇਖੂਪੁਰਾ ਜ਼ਿਲ੍ਹੇ ਦੇ ਪਿੰਡ ਵਾਰਿਕਾ ਤਿਆਨ ਵਿੱਚ ਘਰ ਬਣਾ ਲਿਆ। ਰਿਪੋਰਟ ਮੁਤਾਬਕ ਦੋ ਸਾਲ ਪਹਿਲਾਂ ਇਕਬਾਲ ਦੀ ਸਿਹਤ ਅਚਾਨਕ ਵਿਗੜ ਗਈ ਸੀ ਅਤੇ ਉਸ ਨੇ ਮੁਮਤਾਜ਼ ਨੂੰ ਕਿਹਾ ਸੀ ਕਿ ਉਹ ਉਸ ਦੀ ਅਸਲੀ ਬੇਟੀ ਨਹੀਂ ਹੈ ਅਤੇ ਉਸ ਦਾ ਅਸਲੀ ਪਰਿਵਾਰ ਸਿੱਖ ਹੈ। ਇਕਬਾਲ ਦੀ ਮੌਤ ਤੋਂ ਬਾਅਦ ਮੁਮਤਾਜ਼ ਅਤੇ ਉਸ ਦੇ ਬੇਟੇ ਸ਼ਾਹਬਾਜ਼ ਨੇ ਸੋਸ਼ਲ ਮੀਡੀਆ ਰਾਹੀਂ ਉਸ ਦੇ ਪਰਿਵਾਰ ਦੀ ਭਾਲ ਸ਼ੁਰੂ ਕਰ ਦਿੱਤੀ। ਉਹ ਮੁਮਤਾਜ਼ ਦੇ ਅਸਲੀ ਪਿਤਾ ਦਾ ਨਾਂ ਅਤੇ ਪਟਿਆਲਾ ਦੇ ਪਿੰਡ ਨੂੰ ਜਾਣਦੇ ਸਨ, ਜਿੱਥੇ ਉਹ ਆਪਣਾ ਜੱਦੀ ਘਰ ਛੱਡਣ ਲਈ ਮਜਬੂਰ ਹੋਣ ਬਾਅਦ ਵੱਸ ਗਏ ਸਨ। ਮੁਮਤਾਜ਼ ਦੇ ਭਰਾ ਗੁਰਮੀਤ ਸਿੰਘ, ਨਰਿੰਦਰ ਸਿੰਘ ਅਤੇ ਅਮਰਿੰਦਰ ਸਿੰਘ ਪਰਿਵਾਰਕ ਮੈਂਬਰਾਂ ਸਮੇਤ ਕਰਤਾਰਪੁਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਪਹੁੰਚੇ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮੁਮਤਾਜ਼ ਆਪਣੇ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਉੱਥੇ ਪਹੁੰਚੀ ਅਤੇ 75 ਸਾਲਾਂ ਬਾਅਦ ਆਪਣੇ ਗੁਆਚੇ ਭਰਾਵਾਂ ਨੂੰ ਮਿਲੀ।

Private Loan
2nd mortgages funding within 72 hours
Private Mortgages $20,000-$100,000
up to 85% Loan To Value
Lower Mainland & Vancouver Island
House, Townhouse , Condo, Truck Trailers,
Consumer Debt, Consumer Loan Consolidations,
Consumer Proposal Payout
New Immigrants Need Security
Full Employment.
Kulwinder Kaur
778-712-0911
Unit # 205-12899-76 Ave. Surrey

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਕਾਂਗਰਸ ਨੂੰ ਅਲਵਿਦਾ ਕਹਿਣ ਉਪਰੰਤ ਸੁਨੀਲ ਜਾਖੜ ਭਾਜਪਾ ਵਿਚ ਸ਼ਾਮਿਲ

ਸਫ਼ਾ 1 ਦੀ ਬਾਕੀ

50 ਵਰ੍ਹਿਆਂ ਦਾ ਉਨ੍ਹਾਂ ਜ਼ਿਕਰ ਕੀਤਾ। ਜਦੋਂ ਅਮਰਿੰਦਰ ਸਿੰਘ ਤੋਂ ਅਸਤੀਫ਼ਾ ਲੈਣ ਮਗਰੋਂ ਸੁਨੀਲ ਜਾਖੜ ਨੂੰ ਮੁੱਖ ਮੰਤਰੀ ਬਣਾਏ ਜਾਣ ਦੀ ਗੱਲ ਤੁਰੀ ਸੀ ਤਾਂ ਉਦੋਂ ਅੰਬਿਕਾ ਸੋਨੀ ਨੇ ਬਿਆਨ ਦਾਗ ਦਿੱਤਾ ਸੀ ਕਿ ਪੰਜਾਬ ਦਾ ਮੁੱਖ ਮੰਤਰੀ ਸਿੱਖ ਚਿਹਰਾ ਹੋਣਾ ਚਾਹੀਦਾ ਹੈ। ਉਨ੍ਹਾਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਕਿਹਾ ਕਿ ਪੂਰੇ ਮੁਲਕ ਵਿਚ ਸਿਆਸਤ ਕਰੋ ਪ੍ਰੰਤੂ ਪੰਜਾਬ ਨੂੰ ਬਖ਼ਸ਼ ਦਿਓ। ਪੰਜਾਬ ਨੇ ਬਹੁਤ ਬੁਰੇ ਹਾਲਾਤ ਦੇਖੇ ਹਨ ਅਤੇ ਪੰਜਾਬ ਨੂੰ ਧਰਮ ਦੇ ਨਜ਼ਰੀਏ ਤੋਂ ਨਹੀਂ ਦੇਖਿਆ ਜਾ ਸਕਦਾ ਹੈ। ਸੂਬੇ ਵਿਚ ਸਭ ਇੱਕ ਹਨ। ਉਨ੍ਹਾਂ ਕਿਹਾ ਕਿ ਅੰਬਿਕਾ ਸੋਨੀ ਨੇ ਹਿੰਦੂਆਂ ਨੂੰ ਬਦਨਾਮ ਕੀਤਾ ਕਿ ਜੇ ਹਿੰਦੂ ਮੁੱਖ ਮੰਤਰੀ ਬਣ ਗਿਆ ਤਾਂ ਪੰਜਾਬ ਵਿਚ ਅੱਗ ਲੱਗ ਜਾਵੇਗੀ ਜਦੋਂ ਕਿ ਇਹ ਕੰਮ ਤਾਂ ਅਤਿਵਾਦ ਦੇ ਦੌਰ ਵਿਚ ਏਕੇ-47 ਵੀ ਨਹੀਂ ਕਰ ਸਕੀ ਸੀ। ਜਾਖੜ ਨੇ ਕਿਹਾ ਕਿ ਦਿੱਲੀ ਵਿਚ ਬੈਠੇ ਆਗੂਆਂ ਨੇ ਪੰਜਾਬ 'ਚ ਕਾਂਗਰਸ ਦਾ ਬੁਰਾ ਹਾਲ ਕੀਤਾ ਅਤੇ ਸੂਬੇ ਨੂੰ ਅਪਮਾਨਿਤ ਕੀਤਾ। ਅੰਬਿਕਾ ਸੋਨੀ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਤੱਕ ਅਜਿਹੇ ਨੇਤਾਵਾਂ ਨੂੰ ਹਟਾਇਆ ਨਹੀਂ ਜਾਂਦਾ, ਉਦੋਂ ਤੱਕ ਪੰਜਾਬ ਤਾਂ ਕੀ, ਦੂਸਰੇ ਸੂਬਿਆਂ ਵਿਚ ਵੀ ਕਾਂਗਰਸ ਦੀ ਸਥਿਤੀ ਸੁਧਰਨ ਵਾਲੀ ਨਹੀਂ ਹੈ। ਉਨ੍ਹਾਂ ਕਾਂਗਰਸ ਵੱਲੋਂ ਲਾਏ ਪੰਜਾਬ ਇੰਚਾਰਜਾਂ ਦੀ ਭੂਮਿਕਾ ਦੀ ਗੱਲ ਵੀ ਰੱਖੀ। ਜਾਖੜ ਨੇ ਕਿਹਾ ਕਿ ਅੱਜ ਕਾਂਗਰਸ ਚਾਪਲੂਸਾਂ ਵਿਚ ਘਿਰੀ ਹੋਈ ਹੈ। ਜਾਖੜ ਨੇ ਸੋਨੀਆ ਗਾਂਧੀ ਨੂੰ ਕਿਹਾ 'ਤੁਸੀਂ ਸਬੰਧ ਨਹੀਂ ਤੋੜੇ, ਮੇਰਾ ਦਿਲ ਤੋੜਿਆ ਹੈ।' ਉਨ੍ਹਾਂ ਇਕ ਸ਼ੇਅਰ ਵੀ ਸੁਣਾਇਆ, 'ਦਿਲ ਭੀ ਤੋੜਾ ਤੋ ਸਲੀਕੇ ਸੇ ਨਾ ਤੋੜਾ ਤੁਮ ਨੇ, ਬੇਵਫਾਈ ਕੇ ਭੀ ਆਦਾਬ ਹੁਆ ਕਰਤੇ ਹੈਂ।' ਉਨ੍ਹਾਂ ਕਿਹਾ ਕਿ ਨੋਟਿਸ ਭੇਜਣ ਦੀ ਥਾਂ 'ਤੇ ਹਾਈਕਮਾਨ ਉਸ ਨਾਲ ਗੱਲ ਕਰ ਸਕਦੀ ਸੀ। 'ਉਸ ਤਾਰਿਕ ਅਨਵਰ ਨੇ ਮੇਰੇ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਦੀ ਸਿਫਾਰਸ਼ ਕੀਤੀ ਜਿਸ ਨੇ 20 ਸਾਲ ਪਹਿਲਾਂ ਇਹ ਆਖ ਕੇ ਕਾਂਗਰਸ ਛੱਡ ਦਿੱਤੀ ਸੀ ਕਿ ਉਸ ਨੂੰ ਵਿਦੇਸ਼ੀ ਮਹਿਲਾ ਦੀ ਪ੍ਰਧਾਨਗੀ ਕਬੂਲ ਨਹੀਂ ਹੈ।' ਉਨ੍ਹਾਂ ਕਿਹਾ ਕਿ ਅੰਬਿਕਾ ਸੋਨੀ ਨੇ ਵੀ ਔਖੇ ਵੇਲਿਆਂ ਵਿਚ ਕਾਂਗਰਸ ਦਾ ਸਾਥ ਛੱਡਿਆ ਸੀ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੂੰ ਪਾਰਟੀ ਦੀ ਕਮਾਨ ਸੰਭਾਲਣੀ ਚਾਹੀਦੀ ਹੈ ਅਤੇ ਚਿੰਤਨ ਸ਼ਿਵਿਰ 'ਚੋਂ ਕੁਝ ਵੀ ਨਹੀਂ ਨਿਕਲਣ ਵਾਲਾ ਹੈ।

### ਜਾਖੜ ਦਾ ਸਿਆਸੀ ਸਫ਼ਰ

ਸੁਨੀਲ ਜਾਖੜ ਦੇ ਪਿਤਾ ਬਲਰਾਮ ਜਾਖੜ ਦੋ ਵਾਰ ਲੋਕ ਸਭਾ ਦੇ ਸਪੀਕਰ ਅਤੇ ਕੇਂਦਰੀ ਖੇਤੀ ਮੰਤਰੀ ਰਹੇ ਸਨ। ਬਲਰਾਮ ਜਾਖੜ 2004 ਤੋਂ 2009 ਤੱਕ ਮੱਧ ਪ੍ਰਦੇਸ਼ ਦੇ ਰਾਜਪਾਲ ਵੀ ਰਹੇ। 1954 ਵਿਚ ਜਨਮੇ ਸੁਨੀਲ ਜਾਖੜ ਨੇ 2002 ਵਿਚ ਪੰਜਾਬ ਦੀ ਸਿਆਸਤ ਵਿਚ ਕਦਮ ਰੱਖਿਆ ਸੀ। ਉਹ ਲਗਾਤਾਰ 2002, 2007, 2012 ਵਿਚ ਅਬੋਹਰ ਹਲਕੇ ਤੋਂ ਵਿਧਾਇਕ ਬਣੇ। 2012 ਵਿਚ ਵਿਰੋਧੀ ਧਿਰ ਦੇ ਨੇਤਾ ਚੁਣੇ ਗਏ ਸਨ। 2017 ਵਿਚ ਗੁਰਦਾਸਪੁਰ ਹਲਕੇ ਦੀ ਜ਼ਿਮਨੀ ਚੋਣ ਜਿੱਤ ਕੇ ਸੁਨੀਲ ਜਾਖੜ ਲੋਕ ਸਭਾ ਪਹੁੰਚੇ ਸਨ। ਉਹ ਪੰਜਾਬ ਕਾਂਗਰਸ ਦੇ ਪ੍ਰਧਾਨ ਵੀ ਰਹੇ।

### ਜਾਖੜ ਉਪਰੰਤ ਮਨਪ੍ਰੀਤ ਬਾਦਲ ਦੇ ਕਾਂਗਰਸ ਛੱਡਣ ਦੇ ਚਰਚੇ

ਬਠਿੰਡਾ-ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਕਰੀਬੀ ਰਿਸ਼ਤੇਦਾਰ ਜੈਜੀਤ ਜੌਹਲ ਵੱਲੋਂ ਫੇਸਬੁੱਕ 'ਤੇ ਪਾਈ ਪੋਸਟ ਦੀ ਰਾਜਨੀਤਕ ਹਲਕਿਆਂ 'ਚ ਭਖਵੀਂ ਚਰਚਾ ਹੈ। ਜੌਹਲ ਨੇ ਅਮਰਿੰਦਰ ਸਿੰਘ (ਰਾਜਾ ਵੜਿੰਗ) ਅਤੇ ਭਾਰਤ ਭੂਸ਼ਨ ਆਸ਼ੂ ਦੀ ਪੰਜਾਬ ਕਾਂਗਰਸ ਦੇ ਸਰਵੋਤਮ ਅਹੁਦਿਆਂ 'ਤੇ ਤਾਇਨਾਤੀ ਨੂੰ ਲੈ ਕੇ ਕਾਂਗਰਸ ਹਾਈ ਕਮਾਨ ਦੀ ਕਾਰਜਸ਼ੈਲੀ 'ਤੇ ਉਂਗਲ ਚੁੱਕੀ ਹੈ। ਇਸ ਤੋਂ ਬਾਅਦ ਸਿਆਸੀ ਮਾਹਿਰ ਕਿਆਸਰਾਈਆਂ ਲਾਉਣ ਲੱਗੇ ਹਨ ਕਿ ਸੁਨੀਲ ਜਾਖੜ ਵਾਂਗ ਹੁਣ ਮਨਪ੍ਰੀਤ ਬਾਦਲ ਕਿਸੇ ਵੀ ਵੇਲੇ ਕਾਂਗਰਸ ਤੋਂ ਕਿਨਾਰਾਕਸ਼ੀ ਕਰ ਸਕਦੇ ਹਨ।

ਜੈਜੀਤ ਨੇ ਫੇਸਬੁੱਕ 'ਤੇ ਆਖਿਆ, "ਮੈਂ ਚੋਣਾਂ ਵੇਲੇ ਇਸ ਲਈ ਚੁੱਪ ਰਿਹਾ ਸੀ ਕਿ ਵੜਿੰਗ ਨੂੰ ਤਤਕਾਲੀ ਵਿੱਤ ਮੰਤਰੀ ਮਨਪ੍ਰੀਤ ਬਾਦਲ ਖ਼ਿਲਾਫ਼ ਬੋਲਣ ਨੂੰ ਮੁੱਦਾ ਕਿਉਂ ਬਣਾਇਆ ਜਾਵੇ। ਹਾਲਾਂਕਿ ਉਨ੍ਹਾਂ ਖੁੱਲ੍ਹ ਕੇ ਲੋਕਾਂ ਨੂੰ ਬਠਿੰਡਾ (ਸ਼ਹਿਰੀ) ਹਲਕੇ ਤੋਂ ਕਾਂਗਰਸ ਖ਼ਿਲਾਫ਼ ਵੋਟ ਪਾਉਣ ਦੀ ਅਪੀਲ ਕੀਤੀ ਸੀ। ਆਸ਼ੂ ਦੀ ਵੀ ਵੀਡੀਓ ਵਾਇਰਲ ਹੋਈ ਸੀ ਜਿਸ 'ਚ ਉਨ੍ਹਾਂ ਮਨਪ੍ਰੀਤ ਖ਼ਿਲਾਫ਼ ਵੋਟ ਪਾਉਣ ਲਈ ਕਿਹਾ ਸੀ।" ਜੌਹਲ ਨੇ ਕਾਂਗਰਸ ਹਾਈ ਕਮਾਂਡ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਇੱਕ ਨੂੰ ਕਾਂਗਰਸ ਦਾ ਪ੍ਰਧਾਨ ਤੇ ਦੂਜੇ ਨੂੰ ਕਾਰਜਕਾਰੀ ਪ੍ਰਧਾਨ ਬਣਾਇਆ ਗਿਆ ਹੈ। ਕਾਂਗਰਸ ਵਿਚ ਜੇਕਰ ਕੋਈ ਆਪਣੀ ਹੀ ਪਾਰਟੀ ਦੇ ਉਮੀਦਵਾਰ ਖ਼ਿਲਾਫ਼ ਬੋਲਦਾ ਹੈ ਤਾਂ ਉਸ ਨੂੰ ਅਹੁਦਿਆਂ ਨਾਲ ਨਿਵਾਜਿਆ ਜਾਂਦਾ ਹੈ। ਉਨ੍ਹਾਂ ਲੀਡਰਸ਼ਿਪ ਨੂੰ ਸਵਾਲ ਕੀਤਾ ਕਿ ਉਕਤ ਦੋਵਾਂ ਆਗੂਆਂ ਨੂੰ ਆਪਣੀ ਹੀ ਪਾਰਟੀ ਦੇ ਉਮੀਦਵਾਰ (ਮਨਪ੍ਰੀਤ ਬਾਦਲ) ਵਿਰੁੱਧ ਬੋਲਣ ਦੀ ਇਜਾਜ਼ਤ ਕਿਉਂ ਦਿੱਤੀ ਗਈ। ਮਨਪ੍ਰੀਤ ਸਿੰਘ ਬਾਦਲ ਖੇਮੇ ਦੇ ਸੂਤਰਾਂ ਅਨੁਸਾਰ ਜੈਜੀਤ ਜੌਹਲ ਮਨਪ੍ਰੀਤ ਸਿੰਘ ਬਾਦਲ ਦੀ ਇਜਾਜ਼ਤ ਤੋਂ ਬਿਨਾਂ ਅਜਿਹੇ ਵਿਚਾਰਾਂ ਨੂੰ ਕਦੇ ਵੀ ਜਨਤਕ ਨਹੀਂ ਕਰਦੇ।

## ਅਲਬਰਟਾ ਪ੍ਰੀਮੀਅਰ ਜੇਸਨ ਕੈਨੀ ਵੱਲੋਂ ਪਾਰਟੀ ਆਗੂ ਤੇ ਪ੍ਰੀਮੀਅਰ...

ਸਫ਼ਾ 1 ਦੀ ਬਾਕੀ

ਮੌਕਾ ਦੇਣ ਲਈ ਕਿਹਾ ਹੈ। ਪਾਰਟੀ ਨੇ ਯੂਸੀਪੀ ਵੈੱਬਸਾਈਟ 'ਤੇ ਵਰਚੂਅਲ ਸੰਬੋਧਨ ਸਟਰੀਮ ਦੌਰਾਨ 6.30 ਵਜੇ ਨਤੀਜਿਆਂ ਦਾ ਐਲਾਨ ਕੀਤਾ ਅਤੇ ਇਸ ਤੋਂ ਛੇਤੀ ਪਿੱਛੋਂ ਕੈਨੀ ਨੇ ਆਪਣਾ ਭਾਸ਼ਣ ਦਿੱਤਾ। ਸਟੇਜ ਛੱਡਣ ਤੋਂ ਪਹਿਲਾਂ ਕੈਨੀ ਨੇ ਸੰਤੁਲਤ ਬਜਟ ਲਈ ਆਪਣੀ ਪਾਰਟੀ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਉਸ ਨੇ ਪ੍ਰੀਮੀਅਰ ਵਜੋਂ ਆਪਣੇ 90 ਫ਼ੀਸਦੀ ਵਾਅਦੇ ਪੂਰੇ ਕਰ ਦਿੱਤੇ ਹਨ। ਜਦੋਂ ਕੈਨੀ ਨੇ ਅਸਤੀਫਾ ਦਿੱਤਾ ਤਾਂ ਹਾਲ ਵਿਚ ਹਾਹਾਕਾਰ ਮਚੀ ਹੋਈ ਸੀ ਅਤੇ ਵਿੱਤ ਮੰਤਰੀ ਟਰੈਵਿਸ ਟੋਇਸ ਨੇ ਮੀਡੀਆ ਨੂੰ ਦੱਸਿਆ ਕਿ ਉਹ ਹੈਰਾਨ ਸੀ। ਮਿਉਂਸਪਲ ਮਾਮਲਿਆਂ ਬਾਰੇ ਮੰਤਰੀ ਰਿਕ ਮੈਕਆਈਵਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਵੀਰਵਾਰ ਨੂੰ ਯੂਸੀਪੀ ਦੀ ਕੌਕਸ ਮੀਟਿੰਗ ਹੋਵੇਗੀ ਅਤੇ ਪਾਰਟੀ ਦੇ ਭਵਿੱਖ ਬਾਰੇ ਇਸ ਤੋਂ ਬਾਅਦ ਐਲਾਨ ਕੀਤਾ ਜਾ ਸਕਦਾ ਹੈ।

## ਸੁਪਰੀਮ ਕੋਰਟ ਵੱਲੋਂ ਨਵਜੋਤ ਸਿੱਧੂ ਨੂੰ ਇਕ ਸਾਲ ਕੈਦ ਦੀ ਸਜ਼ਾ

ਸਫ਼ਾ 1 ਦੀ ਬਾਕੀ

ਗਈ ਇੱਕ ਸਾਲ ਦੀ ਕੈਦ ਦੀ ਸਜ਼ਾ ਲਈ ਆਤਮ ਸਮਰਪਣ ਕਰਨ ਲਈ ਸੁਪਰੀਮ ਕੋਰਟ ਤੋਂ ਕੁਝ ਹਫ਼ਤਿਆਂ ਦਾ ਸਮਾਂ ਮੰਗਿਆ ਹੈ। ਉਨ੍ਹਾਂ ਦੇ ਇਕ ਨਜ਼ਦੀਕੀ ਸਾਥੀ ਨੇ ਦੱਸਿਆ ਕਿ ਕੱਲ੍ਹ ਮਹਿੰਗਾਈ ਦੇ ਖ਼ਿਲਾਫ਼ ਕਾਂਗਰਸ ਵੱਲੋਂ ਕੀਤੇ ਗਏ ਪ੍ਰਦਰਸ਼ਨ ਦੌਰਾਨ ਗਰਮੀ ਕਾਰਨ ਸਿੱਧੂ ਦੀ ਸਿਹਤ ਖ਼ਰਾਬ ਹੋ ਗਈ। ਅੱਜ ਸਵੇਰ ਤੋਂ ਹੀ ਉਨ੍ਹਾਂ ਨੂੰ ਮੁਸ਼ਕਲ ਆ ਰਹੀ ਸੀ ਪਰ ਹੁਣ ਸਿਹਤ ਜ਼ਿਆਦਾ ਵਿਗੜ ਗਈ, ਜਿਸ ਕਰਕੇ ਹੀ ਸ੍ਰੀ ਸਿੱਧੂ ਨੇ ਸੁਪਰੀਮ ਕੋਰਟ ਕੋਲ ਅਪੀਲ ਕੀਤੀ ਹੈ ਕਿ ਉਸ ਨੂੰ ਆਤਮ ਸਮਰਪਣ ਕਰਨ ਲਈ ਕੁੱਝ ਹਫ਼ਤਿਆਂ ਦਾ ਸਮਾਂ ਦਿੱਤਾ ਜਾਵੇ। ਜ਼ਿਕਰਯੋਗ ਹੈ ਕਿ ਉਨ੍ਹਾਂ ਨੇ ਪਹਿਲਾਂ ਅੱਜ ਸਵੇਰੇ ਦਸ ਵਜੇ ਆਤਮ ਸਮਰਪਣ ਕਰਨ ਦਾ ਸਮਾਂ ਤੈਅ ਕੀਤਾ ਸੀ। ਫਿਰ ਗਿਆਰਾਂ ਵਜੇ ਤੱਕ ਵਧਾ ਦਿੱਤਾ ਗਿਆ। ਉਸ ਮਗਰੋਂ ਦੁਪਹਿਰ ਬਾਰਾਂ ਵਜੇ ਘਰੋਂ ਰਵਾਨਾ ਹੋਣ ਦਾ ਸਮਾਂ ਮਿਥਿਆ ਗਿਆ।

OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES


"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com



WE HAVE MOVED TO BIGGER & BETTER LOCATION
#208-7110-120TH ST, SURREY
ICBC
NO WIN NO FEE
WE DO HOME & HOSPITAL VISITS
Your Lawyers, Because We Care
■ Criminal Law
■ Divorce Cases
■ Immigration Law
■ Notary Services
Singh Thind and Associates
BARRISTERS & SOLICITORS
#208 7110 120TH ST, SURREY, BC V3W 3M8
Tel: 604.543.3886
Toll Free 1.866.543.3886
WWW.SINGHTHINDLAW.COM





# ਨਾਮਵਰ ਵਿਦਵਾਨ ਡਾ. ਸਾਧੂ ਸਿੰਘ 'ਸ: ਪ੍ਰੀਤਮ ਸਿੰਘ ਬਾਸੀ ਮੈਮੋਰੀਅਲ ਅਵਾਰਡ' ਨਾਲ ਸਨਮਾਨਿਤ



ਸਰੀ (ਹਰਦਮ ਮਾਨ)-ਬੀ.ਸੀ. ਪੰਜਾਬੀ ਕਲਚਰਲ ਫਾਊਂਡੇਸ਼ਨ (ਰਜਿ.) ਵੱਲੋਂ ਨਾਮਵਰ ਵਿਦਵਾਨ ਅਤੇ ਸਾਹਿਤਕਾਰ ਡਾ. ਸਾਧੂ ਸਿੰਘ ਨੂੰ 'ਸ. ਪ੍ਰੀਤਮ ਸਿੰਘ ਬਾਸੀ ਮੈਮੋਰੀਅਲ ਅਵਾਰਡ' ਪ੍ਰਦਾਨ ਕਰਨ ਲਈ ਪੰਜਾਬ ਭਵਨ ਸਰੀ ਵਿਚ ਸਾਹਿਤਕ ਸਮਾਗਮ





ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਰਘਬੀਰ ਸਿੰਘ ਸਿਰਜਣਾ, ਪ੍ਰੋ. ਦਵਿੰਦਰ ਸਿੰਘ, ਡਾ. ਸਾਧੂ ਸਿੰਘ, ਨਦੀਮ ਪਰਮਾਰ ਅਤੇ ਮੰਗਾ ਬਾਸੀ ਨੇ ਕੀਤੀ। ਸਮਾਗਮ ਦੇ ਮੁੱਖ ਬੁਲਾਰੇ ਡਾ. ਸਾਧੂ ਬਿੰਨਿੰਗ ਨੇ ਡਾ. ਸਾਧੂ ਸਿੰਘ ਦੀ ਸ਼ਖ਼ਸੀਅਤ, ਉਨ੍ਹਾਂ ਦੇ ਸਾਹਿਤਕ ਕਾਰਜ ਅਤੇ ਵਿਦਵਤਾ ਦਾ ਵਰਨਣ ਕਰਦਿਆਂ ਕਿਹਾ ਕਿ ਉਨ੍ਹਾਂ ਨਾਟਕ, ਕਹਾਣੀ, ਪੰਜਾਬੀ ਸ਼ਬਦਾਵਲੀ, ਆਲੋਚਨਾਤਮਿਕ ਰਚਨਾਵਾਂ, ਅਨੁਵਾਦ ਅਤੇ ਖੋਜ ਕਾਰਜਾਂ ਰਾਹੀਂ ਪੰਜਾਬੀ ਸਾਹਿਤ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ। ਡਾ. ਰਘਬੀਰ ਸਿੰਘ ਸਿਰਜਣਾ ਨੇ ਕਿਹਾ ਕਿ ਡਾ. ਸਾਧੂ ਸਿੰਘ ਬਹੁਤ ਵੱਡੇ ਵਿਦਵਾਨ, ਬਹੁਤ ਵਧੀਆ ਬੁਲਾਰੇ ਹਨ। ਉਨ੍ਹਾਂ ਦੀ ਸ਼ੈਲੀ ਅਤੇ ਸ਼ਬਦਾਵਲੀ ਬਾਕਮਾਲ ਹੈ। ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਪ੍ਰੋ. ਦਵਿੰਦਰ ਸਿੰਘ, ਪ੍ਰੋ ਕਸ਼ਮੀਰਾ ਸਿੰਘ, ਪ੍ਰੋ. ਪਾਲ ਬੈਂਸ, ਸੁਰਿੰਦਰ ਢੇਸੀ, ਸਾਬਕਾ ਐਮ.ਪੀ. ਜਸਬੀਰ ਸੰਧੂ, ਐਮ.ਐਲ.ਏ. ਜਿੰਨੀ ਸਿਮਜ, ਡਾ. ਪਿਰਥੀਪਾਲ ਸੋਹੀ, ਹਰਜੀਤ ਦੌਧਰੀਆ, ਜਰਨੈਲ ਸਿੰਘ ਆਰਟਿਸਟ ਅਤੇ ਸੁੱਖੀ ਬਾਠ ਨੇ ਵੀ ਡਾ. ਸਾਧੂ ਸਿੰਘ ਦੀ ਸ਼ਖ਼ਸੀਅਤ ਅਤੇ ਸਾਹਿਤਕ ਕਾਰਜਾਂ ਦਾ ਜ਼ਿਕਰ ਕੀਤਾ ਅਤੇ ਇਹ ਐਵਾਰਡ ਦੇਣ ਲਈ ਫਾਊਂਡੇਸ਼ਨ ਅਤੇ ਮੰਗਾ ਬਾਸੀ ਦੀ ਸ਼ਲਾਘਾ ਕੀਤੀ। ਡਾ. ਸਾਧੂ ਸਿੰਘ ਅਤੇ ਹੋਰ ਬੁਲਾਰਿਆਂ ਨੇ ਇਸ ਮੌਕੇ ਮਰਹੂਮ ਪ੍ਰੀਤਮ ਸਿੰਘ ਨੂੰ ਯਾਦ ਕਰਦਿਆਂ ਉਨ੍ਹਾਂ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ। ਇਸ ਮੌਕੇ ਪ੍ਰਧਾਨਗੀ ਮੰਡਲ ਅਤੇ ਹੋਰ ਮਹਿਮਾਨਾਂ ਵੱਲੋਂ ਡਾ. ਸਾਧੂ ਸਿੰਘ ਨੂੰ 'ਸ. ਪ੍ਰੀਤਮ ਸਿੰਘ ਬਾਸੀ ਮੈਮੋਰੀਅਲ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਵਰਨਣਯੋਗ ਹੈ ਕਿ ਪੰਜਾਬੀ ਸ਼ਾਇਰ ਮੰਗਾ ਸਿੰਘ ਬਾਸੀ ਵੱਲੋਂ ਆਪਣੇ ਪਿਤਾ ਦੀ ਯਾਦ ਵਿਚ ਇਹ ਸਾਹਿਤਕ ਪੁਰਸਕਾਰ ਦਿੱਤਾ ਜਾਂਦਾ ਹੈ। ਸਮਾਗਮ ਦੌਰਾਨ ਪ੍ਰਸਿੱਧ ਨਾਵਲਕਾਰ ਨਦੀਮ ਪਰਮਾਰ ਦਾ ਨਾਵਲ 'ਮਾਪੇ ਵੱਖਰੀ ਤਰ੍ਹਾਂ ਦੇ' ਲੋਕ ਅਰਪਣ ਕੀਤਾ ਗਿਆ ਅਤੇ ਇਸ ਨਾਵਲ ਉਪਰ ਪ੍ਰਿੰ. ਸੁਰਿੰਦਰਪਾਲ ਕੌਰ ਬਰਾੜ ਅਤੇ ਜਰਨੈਲ ਸਿੰਘ ਆਰਟਿਸਟ ਨੇ ਵਿਚਾਰ ਪੇਸ਼ ਕੀਤੇ। ਅੰਤ ਵਿਚ ਸਮਾਗਮ ਦੇ ਮੁੱਖ ਪ੍ਰਬੰਧਕ ਮੰਗਾ ਬਾਸੀ ਨੇ ਸਮਾਗਮ ਵਿਚ ਹਾਜ਼ਰ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਸਮੁੱਚੇ ਸਮਾਗਮ ਦਾ ਸੰਚਾਲਨ ਮੋਹਨ ਗਿੱਲ ਨੇ ਬਹੁਤ ਹੀ ਸੁਚਾਰੂ ਢੰਗ ਨਾਲ ਕੀਤਾ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਚੇਤਨਾ ਪ੍ਰਕਾਸ਼ਨ ਲੁਧਿਆਣਾ ਦੇ ਸਤੀਸ਼ ਗੁਲਾਟੀ, ਰੇਡੀਓ ਹੋਸਟ ਹਰਜਿੰਦਰ ਥਿੰਦ, ਜਰਨਲਿਸਟ ਸੁਰਿੰਦਰ ਚਾਹਲ, ਚਰਨਜੀਤ ਕੌਰ ਗਿੱਲ, ਬਖਸ਼ਿੰਦਰ, ਪ੍ਰੋ. ਹਰਿੰਦਰ ਸੋਹੀ, ਕਾਮਰੇਡ ਨਵਰੂਪ ਸਿੰਘ, ਬਲਿਹਾਰ ਲੇਹਲ, ਹਰਦਮ ਮਾਨ, ਮੋਹਨ ਸਿੰਘ ਸੰਧੂ, ਡਾ. ਸਾਧੂ ਸਿੰਘ ਦੇ ਪਰਿਵਾਰਕ ਮੈਂਬਰ ਅਤੇ ਹੋਰ ਕਈ ਪਤਵੰਤੇ ਹਾਜ਼ਰ ਸਨ।

**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

*We Can Help You Sell Your House!*
**Satvir Cheema**
**604-240-9148**

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
ਪੰਜਾਬ ਲਿੰਕ
ਸ਼ਨਿਚਰਵਾਰ, 21 ਮਈ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*
**Amrik Cheema**
*PREC
**604-369-7000**

CENTURY 21 Coastal Realty Ltd.
#105-7928 128th St., Surrey, BC, V3W 4E8
info@amrikcheema.com

# ਵੈਨਕੂਵਰ ਸਿਟੀ ਕੌਂਸਲ ਵੱਲੋਂ 23 ਮਈ ਨੂੰ 'ਕਾਮਾਗਾਟਾ ਮਾਰੂ ਯਾਦਗਾਰ ਦਿਵਸ' ਵਜੋਂ ਮਨਾਉਣ ਦਾ ਐਲਾਨ


## ਵੈਨਕੂਵਰ ਸਿਟੀ ਹਾਲ ਅਤੇ ਬਰਾਰਡ ਬ੍ਰਿਜ ਨੂੰ ਰੰਗਿਆ ਜਾਵੇਗਾ ਸੰਤਰੀ ਰੰਗ 'ਚ

ਸਰੀ (ਹਰਦਮ ਮਾਨ)-ਵੈਨਕੂਵਰ ਸਿਟੀ ਕੌਂਸਿਲ ਵੱਲੋਂ ਮੰਗਲਵਾਰ ਨੂੰ ਇਕ ਘੋਸ਼ਣਾ ਪੱਤਰ ਜਾਰੀ ਕਰਕੇ 23 ਮਈ, 2022 ਨੂੰ "ਕਾਮਾਗਾਟਾ ਮਾਰੂ ਯਾਦਗਾਰ ਦਿਵਸ" ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਵੈਨਕੂਵਰ ਦੇ ਮੇਅਰ ਕੈਨੇਡੀ ਸਟੀਵਰਟ ਨੇ ਕੌਂਸਿਲ ਵੱਲੋਂ ਇਹ ਘੋਸ਼ਣਾ ਪੱਤਰ ਕਾਮਾਗਾਟਾ ਮਾਰੂ ਨਾਲ ਸੰਬੰਧਤ ਪਰਿਵਾਰ ਦੇ ਵਾਰਸ ਦੋ ਭਰਾਵਾਂ ਰਾਜ ਸਿੰਘ ਤੂਰ ਅਤੇ ਜਸਵਿੰਦਰ ਤੂਰ ਨੂੰ ਪੇਸ਼ ਕੀਤਾ। ਇਸ ਘੋਸ਼ਣਾ ਪੱਤਰ ਵਿਚ ਕਿਹਾ ਗਿਆ ਹੈ ਕਿ 2022 ਵਿਚ ਕਾਮਾਗਾਟਾਮਾਰੂ ਘਟਨਾ ਦੀ 108ਵੀਂ ਵਰ੍ਹੇਗੰਢ ਹੈ। ਕੈਨੇਡੀਅਨ ਇਤਿਹਾਸ ਦਾ ਇੱਕ ਕਾਲਾ ਅਧਿਆਏ ਸੀ ਜਦੋਂ 376 ਭਾਰਤੀਆਂ (ਜਿਹਨਾਂ ਵਿਚ 340 ਸਿੱਖ, 24 ਮੁਸਲਮਾਨ ਅਤੇ 12 ਹਿੰਦੂ ਸ਼ਾਮਲ ਸਨ) ਨੂੰ ਲੈ ਕੇ ਇਕ ਜਹਾਜ਼ 23 ਮਈ, 1914 ਨੂੰ ਵੈਨਕੂਵਰ ਦੇ ਬਰਾਰਡ ਇਨਲੇਟ ਪਹੁੰਚਿਆ। ਬ੍ਰਿਟਿਸ਼ ਸਾਮਰਾਜ ਦੇ ਇਹ ਭਾਰਤੀ ਲੋਕ ਆਪਣੇ ਉੱਜਲ ਭਵਿੱਖ ਦੀ ਉਮੀਦ ਨਾਲ ਕੈਨੇਡਾ ਵਿੱਚ ਦਾਖਲਾ ਲੈਣਾ ਚਾਹੁੰਦੇ ਸਨ। ਪਰ 29 ਜੂਨ, 1914 ਨੂੰ, ਵੈਨਕੂਵਰ ਸਿਟੀ ਕੌਂਸਿਲ ਨੇ ਇੱਕ ਮਤਾ ਪਾਸ ਕਰਕੇ ਕੈਨੇਡਾ ਦੇ "ਨਸਲਵਾਦੀ ਅਤੇ ਵਿਤਕਰੇ ਵਾਲੇ ਕਾਨੂੰਨਾਂ" ਦਾ ਸਮਰਥਨ ਕੀਤਾ ਜੋ ਕਿ ਇਸ ਦੇਸ਼ ਵਿੱਚ ਹਿੰਦੂਆਂ ਅਤੇ ਹੋਰ ਏਸ਼ੀਆਈ ਨਸਲਾਂ ਦੇ ਦਾਖਲੇ ਦਾ ਬੇਲੋੜਾ ਵਿਰੋਧ ਸੀ। ਘੋਸ਼ਣਾ ਪੱਤਰ ਵਿੱਚ ਕਿਹਾ ਗਿਆ ਹੈ ਕਿ 23 ਜੁਲਾਈ, 1914 ਨੂੰ ਕਾਮਾਗਾਟਾਮਾਰੂ ਨੂੰ ਵਾਪਸ ਭਾਰਤ ਜਾਣ ਲਈ ਮਜਬੂਰ ਕੀਤਾ ਗਿਆ ਸੀ ਅਤੇ ਭਾਰਤ ਪੁੱਜਣ 'ਤੇ ਇਸ ਜਹਾਜ਼ ਵਿਚ ਸਵਾਰ ਲੋਕਾਂ ਨੂੰ ਰਾਜਨੀਤਿਕ ਵਿਘਨ ਪਾਉਣ ਵਾਲੇ ਲੋਕ ਐਲਾਨ ਕੇ ਬ੍ਰਿਟਿਸ਼ ਭਾਰਤੀ ਸੈਨਿਕਾਂ ਦੁਆਰਾ 19 ਯਾਤਰੀਆਂ ਨੂੰ ਗੋਲੀਆਂ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ, ਬਹੁਤ ਸਾਰੇ ਜ਼ਖਮੀ ਹੋ ਗਏ ਸਨ ਅਤੇ ਕਈਆਂ ਨੂੰ ਸਾਲਾਂ ਬੱਧੀ ਜੇਲ੍ਹ ਕੱਟਣੀ ਪਈ ਸੀ। ਇਸ ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ 23 ਮਈ, 2021 ਨੂੰ, ਵੈਨਕੂਵਰ ਸਿਟੀ ਕੌਂਸਿਲ ਨੇ ਕਾਮਾਗਾਟਾਮਾਰੂ ਦੇ ਪੀੜਤਾਂ, ਉਨ੍ਹਾਂ ਦੇ ਵਾਰਸਾਂ ਅਤੇ ਵੈਨਕੂਵਰ ਸਿਟੀ ਕੌਂਸਲ ਦੇ 29 ਜੂਨ, 1914 ਦੇ ਮਤੇ ਸੰਬੰਧੀ ਅਤੇ ਪ੍ਰਭਾਵਿਤ ਲੋਕਾਂ ਅਤੇ ਪਰਿਵਾਰਾਂ ਉੱਪਰ ਪਏ ਇਸ ਦੇ ਮਾਰੂ ਪ੍ਰਭਾਵਾਂ ਲਈ ਸਾਰੇ ਲੋਕਾਂ ਤੋਂ ਅਧਿਕਾਰਤ ਤੌਰ 'ਤੇ ਮੁਆਫੀ ਮੰਗ ਲਈ ਸੀ। ਵੈਨਕੂਵਰ ਸਿਟੀ ਵੱਲੋਂ 23 ਮਈ 2022 ਨੂੰ ਵੈਨਕੂਵਰ ਸਿਟੀ ਹਾਲ ਅਤੇ ਬਰਾਰਡ ਬ੍ਰਿਜ ਨੂੰ ਸੰਤਰੀ ਰੰਗ ਵਿੱਚ ਰੰਗਿਆ ਜਾਵੇਗਾ।



**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY LAW CORPORATION

www.hughesco.com CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**14317 31A AVENUE**




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

**9858 HUCKLEBERRY DRIVE**




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.


Sunny Sangha
**604-356-5555**

SUNNY SANGHA
Personal Real Estate Corporation
CENTURY 21 Coastal Realty Ltd.
MLS MEDALLION CLUB MEMBER

Ram Johal
**604-356-5555**


www.sunnysangha.com | info@sunnysangha.com



# ਇੰਡੋ-ਕਨੇਡੀਅਨ ਸੀਨੀਅਰਜ਼ ਸੈਂਟਰ ਦੇ ਮੈਂਬਰਾਂ ਨੇ ਲਾਇਆ ਵਿਕਟੋਰੀਆ ਦਾ ਟੂਰ

ਸਰੀ (ਹਰਦਮ ਮਾਨ)-ਇੰਡੋ-ਕਨੇਡੀਅਨ ਸੀਨੀਅਰਜ਼ ਸੈਂਟਰ ਸਰੀ-ਡੈਲਟਾ ਦੇ ਮੈਂਬਰਾਂ ਨੇ ਕੋਵਿਡ-19 ਦੇ ਦੋ ਸਾਲ ਦੇ ਸੰਤਾਪ ਤੋ ਬਾਅਦ ਬੀ.ਸੀ. ਦੀ ਰਾਜਧਾਨੀ ਵਿਕਟੋਰੀਆ ਦਾ ਟੂਰ ਲਾਇਆ। ਸੀਨੀਅਰਜ਼ ਸੈਂਟਰ ਦੇ ਪ੍ਰਧਾਨ ਹਰਪਾਲ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਇਸ ਟੂਰ ਵਿਚ ਵਿਚ 56 ਮੈਂਬਰ ਸ਼ਾਮਲ ਸਨ। ਇਹ ਸੀਨੀਅਰ ਮੈਂਬਰ ਸਮੁੰਦਰੀ ਫੈਰੀ ਰਾਹੀਂ ਕੁਦਰਤ ਦੇ ਰੰਗੀਨ ਨਜ਼ਾਰੇ ਮਾਣਦੇ ਹੋਏ ਵਿਕਟੋਰੀਆ ਪਹੁੰਚੇ। ਵਿਕਟੋਰੀਆਂ ਵਿਖੇ ਵੱਖ-ਵੱਖ ਵੇਖਣਯੋਗ ਥਾਵਾਂ ਵੇਖਣ ਤੋ ਬਾਆਦ ਮਿਥੇ ਪ੍ਰੋਗਰਾਮ ਅਨੁਸਾਰ ਸਾਰੇ ਮੈਂਬਰ ਵਿਕਟੋਰੀਆ ਦੇ ਇਤਿਹਾਸਕ ਅਸੈਂਬਲੀ ਹਾਲ ਵਿਚ ਪਹੁੰਚੇ ਜਿੱਥੇ ਲੇਬਰ ਮੰਤਰੀ ਹੈਰੀ ਬੈਂਸ,ਐਮ. ਐਲ.ਏ. ਰਵੀ ਕਾਹਲੋਂ, ਐਮ.ਐਲ.ਏ. ਜਿਨੀ ਸਿਮਜ, ਐਮ.ਐਲ.ਏ ਜਗਰੂਪ ਬਰਾੜ, ਐਮ.ਐਲ.ਏ ਰਚਨਾ ਸਿੰਘ ਅਤੇ ਹੋਰ ਕਈ ਐਮ. ਐਲ. ਏਜ ਨੇ ਅਸੈਂਬਲੀ ਤੋਂ ਬਾਹਰ ਆ ਕੇ ਸੁਸਾਇਟੀ ਦੇ ਇਨ੍ਹਾਂ ਸਤਿਕਾਰਤ ਮੈਂਬਰਾਂ ਦਾ ਸਵਾਗਤ ਕੀਤਾ ਅਤੇ ਬੜੇ ਸਤਿਕਾਰ ਸਹਿਤ ਸਭ ਨੂੰ ਅੰਦਰ ਲਿਜਾ ਕੇ ਚਾਹ ਪਾਣੀ ਦਾ ਪ੍ਰਬੰਧ ਕੀਤਾ। ਬੀ.ਸੀ. ਦੇ ਪ੍ਰੀਮੀਅਰ ਜੋਹਨ ਹੌਰਗਨ ਵੀ ਇਨ੍ਹਾਂ ਸੀਨੀਅਰਜ਼ ਨੂੰ ਮਿਲਣ ਲਈ ਆਏ। ਸੀਨੀਅਰਜ਼ ਨੇ ਗੈਲਰੀ ਵਿੱਚ ਬੈਠ ਕੇ ਵਿਧਾਨ ਸਭਾ ਦੀ ਸਾਰੀ ਕਾਰਵਾਈ ਵੇਖੀ। ਉਪਰੰਤ ਫੈਰੀ ਅਤੇ ਬੱਸ ਰਾਹੀਂ ਯਾਦਗਾਰੀ ਟੂਰ ਦੀਆਂ ਯਾਦਾਂ ਸਾਂਭਦੇ ਹੋਏ ਵਾਪਸ ਸੀਨੀਅਰ ਸੈਂਟਰ ਸਰੀ-ਡੈਲਟਾ ਵਿਚ ਪਹੁੰਚੇ।

## ਅਣਪਛਾਤੇ ਬੰਦੂਕਧਾਰੀਆਂ ਵਲੋਂ ਦੋ ਸਿੱਖ ਕਾਰੋਬਾਰੀਆਂ ਦੀ ਗੋਲੀ ਮਾਰਕੇ ਹੱਤਿਆ

ਇਸਲਾਮਾਬਾਦ-ਪਾਕਿਸਤਾਨ ਦੇ ਉੱਤਰ-ਪੱਛਮੀ ਸੂਬੇ ਖੈਬਰ ਪਖਤੂਨਖਵਾ 'ਚ ਮੋਟਰਸਾਈਕਲ 'ਤੇ ਆਏ ਦੋ ਅਣਪਛਾਤੇ ਬੰਦੂਕਧਾਰੀਆਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਦੋ ਸਿੱਖ ਕਾਰੋਬਾਰੀਆਂ ਦੀ ਹੱਤਿਆ ਕਰ ਦਿੱਤੀ। ਅਫ਼ਗਾਨਿਸਤਾਨ ਦੀ ਸਰਹੱਦ ਨਾਲ ਲਗਦੇ ਗੜਬੜ ਵਾਲੇ ਸੂਬੇ 'ਚ ਘੱਟ ਗਿਣਤੀ ਭਾਈਚਾਰੇ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾ ਕੇ ਜਾਨੋਂ ਮਾਰਨ ਦੀ ਇਹ ਤਾਜ਼ੀ ਘਟਨਾ ਹੈ। ਮ੍ਰਿਤਕਾਂ ਦੀ ਪਛਾਣ ਕੰਵਲਜੀਤ ਸਿੰਘ (42) ਅਤੇ ਰਣਜੀਤ ਸਿੰਘ (38) ਵਜੋਂ ਹੋਈ ਹੈ। ਸਦਰ ਐਸ ਪੀ ਅਤੀਕ ਹੁਸੈਨ ਨੇ ਜੀਓ ਨਿਊਜ਼ ਨੂੰ ਦੱਸਿਆ ਕਿ ਅਤਿਵਾਦ ਦੇ ਟਾਕਰੇ ਲਈ ਬਣੇ ਵਿਭਾਗ ਨੇ ਹੱਤਿਆ ਦਾ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਕਿਹਾ,"ਇਹ ਦਹਿਸ਼ਤੀ ਹਮਲਾ ਜਾਪਦਾ ਹੈ। ਇਸ ਘਟਨਾ ਦੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਸਖ਼ਤ ਨਿੰਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਪਾਕਿਸਤਾਨ ਵਿਚ ਵਸਦੇ ਘੱਟ ਗਿਣਤੀ ਸਿੱਖਾਂ ਦੇ ਜਾਨ-ਮਾਲ ਦੀ ਸੁਰੱਖਿਆ ਦੀ ਮੰਗ ਕੀਤੀ ਹੈ। ਪੁਲੀਸ ਮੁਤਾਬਕ ਬਾਈਕ ਸਵਾਰ ਦੋ ਹਮਲਾਵਰਾਂ ਨੇ ਸਵੇਰੇ ਦੋਵੇਂ ਸਿੱਖਾਂ 'ਤੇ ਹਮਲਾ ਕੀਤਾ ਅਤੇ ਉਨ੍ਹਾਂ ਦੀ ਥਾਂ 'ਤੇ ਹੀ ਮੌਤ ਹੋ ਗਈ। ਦੋਹਾਂ ਦੀਆਂ ਪਿਸ਼ਾਵਰ ਤੋਂ ਕਰੀਬ 17 ਕਿਲੋਮੀਟਰ ਸਰਬੰਦ ਦੇ ਬਾਟਾਤਾਲ ਬਾਜ਼ਾਰ 'ਚ ਕਰਿਆਨੇ ਅਤੇ ਮਸਾਲਿਆਂ ਆਦਿ ਦੀਆਂ ਦੁਕਾਨਾਂ ਸਨ। ਸਿੱਖਾਂ ਦੀ ਹੱਤਿਆ ਦੀ ਜ਼ਿੰਮੇਵਾਰੀ ਇਸਲਾਮਿਕ ਸਟੇਟ ਨੇ ਲਈ ਹੈ। ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਸਿੱਖਾਂ ਦੀ ਹੱਤਿਆ ਦੀ ਨਿਖੇਧੀ ਕਰਦਿਆਂ ਕਿਹਾ ਕਿ ਪਾਕਿਸਤਾਨ ਨਾਲ ਦੁਸ਼ਮਣੀ ਕਾਰਨ 'ਅਤਿਵਾਦ ਦੇ ਕਾਰੇ' ਨੂੰ ਅੰਜਾਮ ਦਿੱਤਾ ਗਿਆ ਹੈ। ਉਨ੍ਹਾਂ ਦੇਸ਼ ਦੇ ਦੁਸ਼ਮਣਾਂ ਨੂੰ ਖ਼ਤਮ ਕਰਨ ਦਾ ਅਹਿਦ ਲਿਆ।

AVERAGE HOME VALUES ARE INCREASING IN YOUR AREA
FIND OUT WHAT YOUR HOME IS WORTH NOW!



SARBAT
REAL ESTATE SERVICES LTD.
BUY OR SELL... MAY EVERYONE PROSPER



Mandeep Rai PREC*
(604) 300-7724
mrai@mandeeprai.ca

Prabhjot Kaur
(236) 332-4443
soldbyprabhjot@gmail.com

www.sarbatrealestate.com

**14339 60 Avenue** **$2,100,000**




DEVELOPMENT POTENTIAL with this 9,463 sqft lot since this and the neighbour two properties are already surrounded by townhouse developments on each side! The current home on the property is a gorgeous 2 storey w/basement with beautiful Newer kitchen, oak hardwood flooring, built-in hardwood cabinetry throughout, and more! 2 big bedrooms up, bedroom on main, and another in the basement. Finished basement w/separate entry. Super private fenced yard with 3 decks one is fully covered! Won't last!

**308 3768 Hastings St.** **$549,999**




Welcome to this beautiful corner unit with great daylight exposure. Great convenience in one of Burnaby's hottest neighbourhoods, the HEIGHTS. This spacious North East facing CORNER suite is a steal! Featuring this secured building w one parking, one storage locker and convenient services on 1st floor. Plus in-suite laundry with dark engineered floors & large balcony. On direct bus route to downtown. Perfect for an investor, first time buyer or the downsizer who needs to be close to the city without the high traffic of Downtown. Amazing investment property to hold, or move in and enjoy this much loved neighbourhood. 15 min to Downtown, 10 min to Brentwood, close to BCIT walk to PNE & shops/restaurants/cafes.

**#603 11910 80 Ave** **$425,000**




Popular Chancellor Place! Welcome to North Delta's concrete high rise. This large (1387 sqft ) corner & Bright two bedroom offers breathtaking views east to the South side, Mountains and stunning Sunrises! A well maintained unit in a well maintained proactive complex with lots of social activities including exercise room, activity/meeting room and indoor heated pool. A super convenient location within a short distance to shopping, transit, banks, pubs & restaurants. So many pluses in a worry free with secure underground parking plus 2 storage locker included.

**7170 129A Street** **$1,485,000**




Amazing location! Welcome to this beautiful house in the heart of Newton. This one features 3 bedrooms, perfect for growing family including one bedroom unauthorized suite. A quiet & private yard to enjoy summers. Renovated in 2018 with New paint, Appliances and kitchen Counter tops. Being a central location it is close to all the amenities like transit, shopping and schools. Come by for Open house on Jan 29 & 30, 2-4 pm by appointment and make this beautiful home your dream home.

**11451 95 Avenue** **$1,295,000**




Lovely well maintained 3 bedroom rancher located in Annieville, minutes to schools and transportation routes into the city. 7590 square foot lot with 66' of frontage. Occupy or rent out while you are planning your new home. Showings start November 20. Showings times will be Saturday 1-4:30 by appointment and Sunday November 21, 1-4pm OPEN HOUSE by appt. November 22, 23 and 24 by appt only. Offers will be considered the morning of Thursday November 25. Call for full details on property.

**7622 140 Street** **$1,475,000**




Residential Detached 6 bedrooms: 5 full baths: 3,400 sqft house sitting on 7200 sqft rectangular lot, Recently added with all professionals renovations. Huge Master bedroom with ensuite and walk-in-closet. Professionals work 3 basement unauthorized suits 1 bedroom each for additional Rental Income. Close to Elementary & Secondary schools, Parks, Surrey Temple, Transit, Recreation center and much more. Keep it as an investment or live in.

**#111 - 13628 81A Ave.** **$425,000**




Condo for Sale In Surrey

**8296 153B Street** **$1,830,000**




Location! Location!Location! Welcome to this gorgeous home in a nice and quiet Fleetwood neighbourhood. This home features 2 storey With 8 bedrooms including 2+2 bed rental Suites. Master bedroom with full ensuite & huge walk in closet. A skylight over the staircase. 2 storage sheds. Quick access to highways. Walk to Fleetwood Park Secondary School and Elementary School and close to shopping, library, community centre, parks, golf, bus stop and other amenities.

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

EXPERIENCE • INTEGRITY • RESULTS

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

**Link!**
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

# TRANSource FREIGHTWAYS

# Pin to Pin (ਯਾਰਡ ਤੋਂ ਯਾਰਡ)

## ਕੰਮ ਲਈ Drivers and Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

ਸ਼ਨੀਵਾਰ: 604–808–9805

Email:safety@transourcefreightways.com

# ਵਰਕਰੋ, ਸੇਫਟੀ ਲਈ ਟੋਪ ਪਾਉਣ ਬਾਰੇ ਨਿਯਮ ਬਦਲ ਗਿਆ ਹੈ।



ਜੇ ਤੁਸੀ ਸਖਤ ਹੈਟ ਨਹੀ ਪਾ ਸਕਦੇ ਕਿਉਂਕਿ ਤੁਸੀ ਧਾਰਮਿਕ ਟੋਪ ਜਿਵੇਂ ਪੱਗੜੀ ਪਹਿਨਦੇ ਹੋ ਤਾਂ ਤੁਹਾਡੇ ਕੋਲ ਕੁਝ ਚੋਣਾਂ ਹਨ।

- ਇਸ ਤੋਂ ਪਹਿਲਾਂ ਕਿ ਇਹ ਭਰੋਸਾ ਕੀਤਾ ਜਾਵੇ ਕਿ ਸੇਫਟੀ ਲਈ ਟੋਪ ਤੁ ਹਾਨੂੰ ਸਿਰ ਦੀ ਸੱਟ ਤੋਂ ਸੁ ਰੱ ਖ਼ਿਅਤ ਰੱਖਦਾ ਹੈ , ਸੱਭ ਤੋਂ ਪਹਿਲਾਂ, ਆਪਣੇ ਮਾਲਕ ਜਾਂ ਸੁਪਰਵਾਈਜ਼ਰ ਨਾਲ ਇਹ ਪਤਾ ਕਰਨ ਲਈ ਗੱਲ ਕਰੋ ਕਿ ਮੁਮਕਿਨ ਖ਼ਤਰਿਆਂ ਨੂੰ ਘੱਟ ਤੋਂ ਘੱਟ ਪੱਧਰ ਤੇ ਘਟਾਉਣ ਜਾਂ ਖ਼ਤਮ ਕਰਨ ਲਈ ਉਹਨਾਂ ਨੇ ਕੀ ਕੀਤਾ ਹੈ।
- ਜੇ ਤੁਹਾਡਾ ਵਰਕਰ ਪ੍ਰਤੀਨਿੱਧ ਹੈ ਜਾਂ ਤੁਹਾਡੇ ਕੰਮ ਵਾਲੀ ਥਾਂ 'ਤੇ ਸਾਂਝੀ ਹੈਲਥ ਅਤੇ ਸੇਫਟੀ ਕਮੇਟੀ ਹੈ ਤਾਂ ਤੁਸੀ ਉਹਨਾਂ ਨਾਲ ਗੱਲ ਕਰ ਸਕਦੇ ਹੋ ਕਿ ਤੁਹਾਡੇ ਮਾਲਕ ਨੇ ਖ਼ਤਰਿਆਂ ਨੂੰ ਘਟਾਉਣ ਲਈ ਕੀ ਕੀਤਾ ਹੈ ਤਾਂ ਕਿ ਸਖ਼ਤ ਹੈਟ ਦੀ ਲੋੜ ਨਾ ਰਹੇ।

worksafebc.com/pa

WORK SAFE BC


MJM
FURNITURE
Long Weekend
Special Sale
Sat, Sunday & Monday
(May 21 - May 23)
All Items in the Store
50% OFF
Lots of Design
Best Quality
Best Price
Expressing
Your Interior
World
Finance Available
O.A.C
Quality Furniture for Your Home.
Come visit our showroom. Over 34,000 sq ft
of quality Fine Furniture
THREE LOCATIONS TO SERVE YOU
604-596-9901
13570 - 77th Ave., Surrey, BC
604-522-1388
#2, 1315 United Boulevard, Coquitlam BC
3057 grandview hwy vancouver,
604-454-1191

# ਰੂਸੀ ਰਾਸ਼ਟਰਪਤੀ ਪੁਤਿਨ ਬਲੱਡ ਕੈਂਸਰ ਤੋਂ ਪੀੜਤ-ਅਮਰੀਕੀ ਮੈਗਜ਼ੀਨ ਵਲੋਂ ਖੁਲਾਸਾ

ਮਾਸਕੋ-ਸਿਆਸੀ ਰਸੂਖ਼ ਵਾਲੇ ਇਕ ਰੂਸੀ ਕਾਰੋਬਾਰੀ ਨੇ ਦਾਅਵਾ ਕੀਤਾ ਹੈ ਕਿ ਮੁਲਕ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ 'ਬਲੱਡ ਕੈਂਸਰ ਨਾਲ ਗੰਭੀਰ ਬਿਮਾਰ ਹਨ'। ਅਮਰੀਕੀ ਮੈਗਜ਼ੀਨ 'ਨਿਊ ਲਾਈਨਜ਼' ਵੱਲੋਂ ਹਾਸਲ ਕੀਤੀ ਰਿਕਾਰਡਿੰਗ ਵਿਚ ਇਹ ਉਦਯੋਗਪਤੀ ਪੱਛਮ ਦੇ ਇਕ ਕਾਰੋਬਾਰੀ ਨਾਲ ਗੱਲਬਾਤ ਕਰ ਰਿਹਾ ਹੈ। ਰੂਸੀ ਕਾਰੋਬਾਰੀ ਮੁਤਾਬਕ ਯੂਕਰੇਨ ਉਤੇ ਹਮਲੇ ਤੋਂ ਕੁਝ ਦੇਰ ਪਹਿਲਾਂ ਹੀ ਪੂਤਿਨ ਦੀ ਸਰਜਰੀ ਹੋਈ ਸੀ। ਜ਼ਿਕਰਯੋਗ ਹੈ ਕਿ ਪੂਤਿਨ ਕਈ ਮੌਕਿਆਂ 'ਤੇ ਜਨਤਕ ਸਮਾਗਮਾਂ ਵਿਚ ਕਮਜ਼ੋਰ ਨਜ਼ਰ ਆਇਆ ਹੈ। ਪਿਛਲੇ ਹਫ਼ਤੇ 'ਵਿਕਟਰੀ ਡੇਅ' ਜਸ਼ਨਾਂ ਮੌਕੇ ਵੀ ਪੂਤਿਨ ਦੀ ਸਿਹਤ ਠੀਕ ਨਹੀਂ ਸੀ ਲੱਗ ਰਹੀ। ਸਮਾਗਮ ਦੀਆਂ ਵੀਡੀਓਜ਼ ਵਿਚ ਰੂਸੀ ਰਾਸ਼ਟਰਪਤੀ 'ਕੰਬਦੇ ਹੋਏ ਨਜ਼ਰ ਆਏ ਸਨ'। ਰਿਕਾਰਡਿੰਗ ਵਿਚ ਰੂਸ ਦਾ ਕਾਰੋਬਾਰੀ ਇਹ ਕਹਿੰਦਿਆਂ ਸੁਣ ਰਿਹਾ ਹੈ ਕਿ ਪੂਤਿਨ ਦੀ ਪਿੱਠ ਦੀ ਸਰਜਰੀ ਹੋਈ ਸੀ ਤੇ ਇਹ ਬਲੱਡ ਕੈਂਸਰ ਦੇ ਇਲਾਜ ਨਾਲ ਸਬੰਧਤ ਸੀ। ਰੂਸੀ ਕਾਰੋਬਾਰੀ ਨੇ ਨਾਲ ਹੀ ਕਿਹਾ, 'ਪੂਤਿਨ ਪਾਗਲ ਹੋ ਗਿਆ ਹੈ। ਉਸ ਨੇ ਰੂਸ, ਯੂਕਰੇਨ ਤੇ ਹੋਰਾਂ ਮੁਲਕਾਂ ਦੀ ਆਰਥਿਕਤਾ ਨੂੰ ਤਬਾਹ ਕਰ ਦਿੱਤਾ ਹੈ। ਉਸ ਦਾ ਦਿਮਾਗ਼ ਖ਼ਰਾਬ ਹੈ। ਇਕ ਪਾਗਲ ਇਨਸਾਨ ਪੂਰੀ ਦੁਨੀਆ ਨੂੰ ਉਪਰੋਂ ਹੇਠਾਂ ਸੁੱਟ ਸਕਦਾ ਹੈ।'

# ਕੰਵਰ ਦਾ ਕਿਸਾਨੀ ਸੰਘਰਸ਼ 'ਚ ਯੋਗਦਾਨ ਬੇਮਿਸਾਲ-ਬੈਂਸ


## ਕੰਵਰ ਗਰੇਵਾਲ ਕੈਲਗਰੀ ਫੇਰੀ ਦੌਰਾਨ ਕਾਰੋਬਾਰੀ ਅਮਰਪ੍ਰੀਤ ਸਿੰਘ ਬੈਂਸ ਨੂੰ ਮਿਲੇ

ਕੈਲਗਰੀ (ਕਮਲਜੀਤ ਬੁੱਟਰ)-ਇਕ ਸਾਲ ਤੱਕ ਦਿੱਲੀ ਦੇ ਬਾਰਡਰਾਂ 'ਤੇ ਲੜੇ ਕਿਸਾਨੀ ਘੋਲ 'ਚ ਚਾਹੇ ਹਰ ਪੰਜਾਬੀ ਨੇ ਆਪਣਾ ਪੂਰਾ ਸਹਿਯੋਗ ਦਿੱਤਾ ਪਰ ਕੰਵਰ ਗਰੇਵਾਲ ਜੋ ਪੰਜਾਬ ਦੀ ਜਵਾਨੀ ਨੂੰ ਘਰਾਂ 'ਚੋਂ ਕੱਢਕੇ ਦਿੱਲੀ ਤੱਕ ਲੈ ਕੇ ਗਿਆ ਇਹ ਬੇਮਿਸਾਲ ਸੀ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਲਗਰੀ ਦੇ ਉੱਘੇ ਕਾਰੋਬਾਰੀ ਅਮਰਪ੍ਰੀਤ ਸਿੰਘ ਬੈਂਸ ਨੇ ਗਰੇਵਾਲ ਨੂੰ ਮਿਲਦਿਆਂ ਕੀਤਾ। ਬੈਂਸ ਨੇ ਕਿਹਾ ਕਿ ਕੰਵਰ ਦੀ ਗਾਇਕੀ ਮੈਨੂੰ ਆਮ ਕਲਾਕਾਰ ਵਰਗੀ ਨਹੀਂ ਲੱਗਦੀ ਇਹ ਤਾਂ ਹੁਣ ਇਕ ਭਗਤੀ ਲੱਗਦੀ ਹੈ ਜਿਸ 'ਚ ਕੰਵਰ ਦਿਨੋ-ਦਿਨ ਪਰਪੱਕ ਹੁੰਦਾ ਜਾ ਰਿਹਾ ਹੈ। ਇਸ ਦੌਰਾਨ ਕੰਵਰ ਗਰੇਵਾਲ ਨੇ ਕਿਹਾ ਕਿ ਕਿਸਾਨੀ ਸੰਘਰਸ਼ ਸਾਡੀ ਹੋਂਦ ਦੀ ਲੜਾਈ ਸੀ ਉਸ ਸੰਘਰਸ਼ 'ਚ ਉਹ ਲੋਕ ਵੀ ਸ਼ਾਮਲ ਹੋਏ ਜਿਨ੍ਹਾਂ ਦਾ ਜ਼ਮੀਨਾਂ ਨਾਲ ਕੋਈ ਸੰਬੰਧ ਵੀ ਨਹੀਂ ਸੀ ਇਸ ਲਈ ਮੈਂ ਤਾਂ ਉਸ ਸੰਘਰਸ਼ ਨੂੰ ਦੂਜੇ ਤਰੀਕੇ ਨਾਲ ਲੈਂਦਾਂ ਹਾਂ ਕਿ ਪੰਜਾਬੀ ਦਿੱਲੀ ਨੂੰ ਇਹ ਦੱਸਣ ਗਏ ਸਨ ਕਿ ਅਸੀਂ ਹਾਲੇ ਜਿਉਂਦੇ ਹਾਂ। ਨਗਰ ਕੀਰਤਨ ਦੌਰਾਨ ਗੁਰਦੁਆਰਾ ਸਟੇਜ ਤੋਂ ਕੰਵਰ ਨੇ ਇਕ ਵਾਰ ਫੇਰ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਈ ਦੀ ਮੰਗ ਕੀਤੀ।



# ਕੌਮਾਂਤਰੀ ਵਿਦਿਆਰਥੀ ਦੀ ਨਦੀ ਵਿਚ ਡੁੱਬਣ ਕਾਰਣ ਮੌਤ

ਟੋਰਾਂਟੋ (ਬਲਜਿੰਦਰ ਸੇਖਾ)-ਬਰੈਂਪਟਨ ਦੇ ਏਲਡਰੇਡੋ ਪਾਰਕ ਵਿਚ ਕ੍ਰੈਡਿਟ ਵੈਲੀ ਨਦੀ 'ਚ ਡੁੱਬਣ ਨਾਲ ਇਕ ਅੰਤਰਰਾਸ਼ਟਰੀ ਵਿਦਿਆਰਥੀ ਜੋ ਪੰਜਾਬ ਦੇ ਪਿੰਡ ਬੱਧਨੀ ਕਲਾਂ ਨਾਲ ਸਬੰਧਿਤ ਸੀ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੇ ਪਿਤਾ ਬਲਦੇਵ ਸਿੰਘ ਨੇ ਦੱਸਿਆ ਕਿ ਤੜਕਸਾਰ ਦੁਖ ਭਰਿਆ ਸੁਨੇਹਾ ਆਇਆ। ਉਨ੍ਹਾਂ ਦੱਸਿਆ ਕਿ ਨਵਕਿਰਨ ਸਿੰਘ (20) ਨੇ ਮੈਟ੍ਰਿਕ ਤੱਕ ਦੀ ਪੜ੍ਹਾਈ ਪਿੰਡ ਮੱਦੋਕੇ ਦੇ ਸਕੂਲ ਅਤੇ ਬਾਰ੍ਹਵੀਂ ਦੀ ਪੜ੍ਹਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਿਲਾਸਪੁਰ ਤੋਂ ਕੀਤੀ। ਉਹ ਆਈਲੈਟਸ ਕਰਨ ਉਪਰੰਤ 3 ਸਤੰਬਰ 2021 ਨੂੰ ਹੈਲਥ ਕੇਅਰ ਦੀ ਪੜ੍ਹਾਈ ਕਰਨ ਕੈਨੇਡਾ ਚਲਾ ਗਿਆ ਸੀ। ਉਹ ਆਪਣੇ ਦੋਸਤਾਂ ਨਾਲ ਨਹਾਉਣ ਗਿਆ ਸੀ, ਜਿਸ ਦੌਰਾਨ ਉਸ ਦੀ ਪਾਣੀ 'ਚ ਡੁੱਬਣ ਕਾਰਨ ਮੌਤ ਹੋ ਗਈ। ਉਸ ਦੀ ਮ੍ਰਿਤਕ ਦੇਹ ਸਟੀਲਜ਼ ਕ੍ਰੈਡਿਟ ਵਿਊ ਲਾਗੇ ਏਲਡਰੇਡੋ ਪਾਰਕ 'ਚੋਂ ਬਰਾਮਦ ਹੋਈ ਹੈ। ਕੈਨੇਡਾ ਪੁਲੀਸ ਮਾਮਲੇ ਦੀ ਤਫ਼ਤੀਸ਼ ਕਰ ਰਹੀ ਹੈ ਕਿ ਹਾਦਸਾ ਕਿਵੇਂ ਵਾਪਰਿਆ।



# ਕਾਰ ਗੰਦੇ ਨਾਲ ਡਿਗਣ ਨਾਲ ਦੋ ਸਕੇ ਭਰਾਵਾਂ ਦੀ ਮੌਤ

ਪਟਿਆਲਾ-ਇਥੋਂ ਕੁਝ ਦੂਰ ਭੁਨਰਹੇੜੀ ਵਿੱਚ ਬੀਤੀ ਰਾਤ ਕਾਰ ਗੰਦੇ ਨਾਲੇ ਵਿਚ ਜਾ ਡਿੱਗੀ, ਜਿਸ ਕਾਰਨ ਕਾਰ ਸਵਾਰ ਦੋ ਸਕੇ ਭਰਾਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਹਰਸ਼ਦੀਪ ਸਿੰਘ (27) ਅਤੇ ਪ੍ਰਤੀਕ ਸਿੰਘ (32) ਵਜੋਂ ਹੋਈ ਹੈ, ।ਜਦਕਿ ਉਨ੍ਹਾਂ ਦੇ ਦੋ ਸਾਥੀ ਗੁਰਜੰਟ ਸਿੰਘ ਅਤੇ ਰਾਕੇਸ਼ ਕੁਮਾਰ ਜ਼ਖ਼ਮੀ ਹੋ ਗਏ। ਇਹ ਹਰਿਆਣਾ ਦੇ ਪਿੰਡ ਨੀਦ ਦੇ ਵਸਨੀਕ ਹਨ। ਥਾਣਾ ਸਦਰ ਪਟਿਆਲਾ ਦੇ ਐੱਸ ਐੱਚ ਓ ਇੰਸਪੈਕਟਰ ਗੁਰਚਰਨ ਸਿੰਘ ਖੰਡੇਬਾਦ ਨੇ ਦੱਸਿਆ ਕਿ ਲਾਸ਼ਾਂ ਰਾਜਿੰਦਰਾ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾ ਦਿੱਤੀਆਂ ਹਨ। ਜ਼ਖ਼ਮੀਆਂ ਨੂੰ ਪਟਿਆਲਾ ਵਿਚਲੇ ਪ੍ਰਾਈਵੇਟ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਕਾਰ ਤੇਜ਼ ਰਫਤਾਰ ਵਿੱਚ ਸੀ। ਇਹ ਚਾਰੇ ਜਣੇ ਰਾਤ ਨੂੰ ਪਟਿਆਲਾ ਤੋਂ ਹਰਿਆਣਾ ਵਿੱਚ ਸਥਿਤ ਆਪਣੇ ਪਿੰਡ ਜਾ ਰਹੇ ਸਨ ਤੇ ਰਾਤ ਇੱਕ ਵਜੇ ਉਨ੍ਹਾਂ ਦੀ ਕਾਰ ਹਾਦਸਾ ਗ੍ਰਸਤ ਹੋ ਗਈ।

# ਅੰਮ੍ਰਿਤਧਾਰੀ ਸਿੱਖ ਵਿਦਿਆਰਥੀ ਨੂੰ ਕ੍ਰਿਪਾਨ ਪਾਕੇ ਪ੍ਰੀਖਿਆ ਦੇਣ ਤੇ ਰੋਕਣ ਦਾ ਸ਼੍ਰੋਮਣੀ ਕਮੇਟੀ ਵਲੋਂ ਵਿਰੋਧ

ਅੰਮ੍ਰਿਤਸਰ (ਲਾਂਬਾ)-ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਝਾਰਖੰਡ ਦੇ ਬੋਕਾਰੋ ਵਿੱਚ ਅੰਮ੍ਰਿਤਧਾਰੀ ਸਿੱਖ ਵਿਦਿਆਰਥੀ ਨੂੰ ਕ੍ਰਿਪਾਨ ਪਾ ਕੇ ਦਸਵੀਂ ਦੀ ਪ੍ਰੀਖਿਆ ਵਿੱਚ ਬੈਠਣ ਤੋਂ ਰੋਕਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਝਾਰਖੰਡ ਦੀ ਸਰਕਾਰ ਨੂੰ ਇਸ ਮਾਮਲੇ ਦੀ ਜਾਂਚ ਕਰਵਾ ਕੇ ਮੁਲਜ਼ਮ ਅਮਲੇ ਖ਼ਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਸਿੱਖਾਂ ਨੂੰ ਸੰਵਿਧਾਨਕ ਤੌਰ 'ਤੇ ਕਕਾਰ ਪਹਿਨਣ ਦੀ ਆਜ਼ਾਦੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਸਿੱਖ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਦੌਰਾਨ ਅਕਸਰ ਅਜਿਹੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਕਈ ਵਾਰ ਭਾਰਤ ਅਤੇ ਵੱਖ-ਵੱਖ ਸੂਬਿਆਂ ਦੀ ਸਰਕਾਰਾਂ ਨੂੰ ਲਿਖਿਆ ਜਾ ਚੁੱਕਿਆ ਹੈ।

# ਕਾਮੇਡੀਅਨ ਭਾਰਤੀ ਸਿੰਘ ਵਲੋਂ ਦਾੜ੍ਹੀ ਦਾ ਮਜ਼ਾਕ ਉਡਾਉਣ ਵਿਰੁੱਧ ਕੇਸ ਦਰਜ

ਅੰਮ੍ਰਿਤਸਰ-ਕਾਮੇਡੀਅਨ ਭਾਰਤੀ ਸਿੰਘ ਵੱਲੋਂ ਆਪਣੇ ਇੱਕ ਸ਼ੋਅ ਦੌਰਾਨ ਦਾੜ੍ਹੀ-ਮੁੱਛਾਂ ਦਾ ਮਜ਼ਾਕ ਉਡਾਉਣ ਦੇ ਮਾਮਲੇ ਵਿੱਚ ਅੰਮ੍ਰਿਤਸਰ ਤੋਂ ਬਾਅਦ ਹੁਣ ਆਦਮਪੁਰ ਵਿੱਚ ਵੀ ਉਸ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਭਾਰਤੀ ਸਿੰਘ ਨੇ ਇੱਕ ਸ਼ੋਅ ਦੌਰਾਨ ਦਾੜ੍ਹੀ-ਮੁੱਛ ਦਾ ਮਜ਼ਾਕ ਉਡਾਇਆ ਸੀ। ਇਸ ਸਬੰਧੀ ਵੀਡੀਓ ਸਾਹਮਣੇ ਆਉਣ 'ਤੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨਾਲ-ਨਾਲ ਹੋਰ ਵੀ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਵੱਲੋਂ ਉਸ ਦਾ ਵਿਰੋਧ ਕਰਦਿਆਂ ਭਾਰਤੀ ਸਿੰਘ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ ਹੈ। ਇਸੇ ਤਹਿਤ ਗੁਰੂ ਰਵਿਦਾਸ ਟਾਈਗਰ ਫੋਰਸ ਦੇ ਪ੍ਰਧਾਨ ਜੱਸੀ ਤੱਲ੍ਹਣ, ਜ਼ਿਲ੍ਹਾ ਪ੍ਰਧਾਨ ਰਵੀ ਚੁੰਬਰ, ਆਦਮਪੁਰ ਪ੍ਰਧਾਨ ਤੰਨੀ ਡਰੋਲੀ ਤੇ ਸਮੂਹ ਮੈਂਬਰਾਂ ਨੇ ਪੁਲੀਸ ਕੋਲ ਭਾਰਤੀ ਸਿੰਘ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਹੈ।

# ਮਾਨ ਸਰਕਾਰ ਵੱਲੋਂ ਮੰਗਾਂ ਮੰਨਣ ਉਪਰੰਤ ਕਿਸਾਨਾਂ ਨੇ ਮੁਹਾਲੀ ਵਿਚ ਲਗਾਇਆ ਧਰਨਾ ਚੁੱਕਿਆ



ਚੰਡੀਗੜ੍ਹ-ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਕਿਸਾਨਾਂ ਦੀਆਂ ਅਗੇਤਾ ਝੋਨਾ ਲਾਉਣ, ਗੰਨੇ ਦੀ ਬਕਾਇਆ ਰਾਸ਼ੀ ਦੇਣ ਸਣੇ ਹੋਰ ਮੰਗਾਂ ਮੰਨੇ ਜਾਣ ਮਗਰੋਂ ਕਿਸਾਨਾਂ ਨੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਇਥੇ ਮੁਹਾਲੀ-ਚੰਡੀਗੜ੍ਹ ਸਰਹੱਦ 'ਤੇ ਲਾਇਆ ਧਰਨਾ ਚੁੱਕ ਦਿੱਤਾ ਹੈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਦਾਅਵਾ ਕੀਤਾ ਕਿ ਉਨ੍ਹਾਂ ਧਰਨਾ ਚੁੱਕਿਆ ਨਹੀਂ ਬਲਕਿ ਮੁਲਤਵੀ ਕੀਤਾ ਹੈ। ਇਥੇ ਪੰਜਾਬ ਭਵਨ ਵਿੱਚ ਕਿਸਾਨ ਆਗੂਆਂ ਨਾਲ ਕੀਤੀ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਝੋਨੇ ਦੀ ਪੜਾਅਵਾਰ ਲੁਆਈ ਲਈ 14 ਜੂਨ ਤੇ 17 ਜੂਨ ਦੀਆਂ ਨਵੀਆਂ ਤਰੀਕਾਂ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਜ਼ੋਨਾਂ ਦੀ ਗਿਣਤੀ ਦੋ ਕਰ ਦਿੱਤੀ ਤੇ ਕੰਡਿਆਲੀ ਤਾਰ ਤੋਂ ਪਾਰ ਵਾਲੇ ਸਰਹੱਦੀ ਇਲਾਕੇ ਵਾਲੀਆਂ ਜ਼ਮੀਨਾਂ ਨੂੰ ਜ਼ੋਨਾਂ ਦੀਆਂ ਬੰਦਿਸ਼ਾਂ ਤੋਂ ਬਾਹਰ ਰੱਖਦਿਆਂ ਖੇਤਰ ਦੇ ਕਿਸਾਨਾਂ ਨੂੰ 10 ਜੂਨ ਤੋਂ ਝੋਨਾ ਲਾਉਣ ਦੀ ਇਜਾਜ਼ਤ ਦੇ ਦਿੱਤੀ। ਮੀਟਿੰਗ ਦੌਰਾਨ ਕਿਸਾਨ ਜਥੇਬੰਦੀਆਂ ਨੇ 13 ਮੰਗਾਂ ਸਰਕਾਰ ਅੱਗੇ ਰੱਖੀਆਂ। ਕਣਕ ਦਾ ਝਾੜ ਘਟਣ ਕਾਰਨ ਹੋਏ ਨੁਕਸਾਨ ਬਦਲੇ ਕਿਸਾਨਾਂ ਨੂੰ 500 ਰੁਪਏ ਪ੍ਰਤੀ ਕੁਇੰਟਲ ਬੋਨਸ ਦੇਣ ਦੀ ਮੰਗ ਨੂੰ ਛੱਡ ਕੇ ਲਗਪਗ ਸਾਰੀਆਂ ਮੰਗਾਂ ਸਰਕਾਰ ਨੇ ਮੰਨ ਲਈਆਂ। ਮੁੱਖ ਮੰਤਰੀ ਨੇ ਕਿਸਾਨ ਆਗੂਆਂ ਨੂੰ ਦੱਸਿਆ ਕਿ ਸਰਕਾਰ ਨੇ ਮੂੰਗੀ ਦੀ ਫਸਲ ਦੀ ਐੱਮ ਐੱਸ ਪੀ 7275 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਮੱਕੀ ਦੀ ਸਰਕਾਰੀ ਖਰੀਦ ਲਈ ਰੂਪ-ਰੇਖਾ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਉਹ ਭਲਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਕੇ ਬਾਸਮਤੀ ਦਾ ਘੱਟੋ-ਘੱਟ ਸਮਰਥਨ ਮੁੱਲ ਐਲਾਨੇ ਜਾਣ ਲਈ ਸਰਕਾਰ 'ਤੇ ਜ਼ੋਰ ਪਾਉਣਗੇ। ਇਸ ਦੌਰਾਨ ਸਰਕਾਰ ਕੋਲ ਬੀਬੀਐੱਮਬੀ ਦਾ ਵਿਵਾਦਿਤ ਮੁੱਦਾ ਵੀ ਰੱਖਿਆ ਜਾਵੇਗਾ। ਮੁੱਖ ਮੰਤਰੀ ਨੇ ਕਿਸਾਨ ਆਗੂਆਂ ਤੋਂ ਖੇਤੀਬਾੜੀ ਖੇਤਰ ਵਿੱਚ ਕਿਸਾਨ ਪੱਖੀ ਸੁਧਾਰ ਲਿਆਉਣ ਲਈ ਘੱਟੋ-ਘੱਟ ਇਕ ਸਾਲ ਦਾ ਸਮਾਂ ਮੰਗਿਆ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਭਲਾਈ ਨਾਲ ਸਬੰਧਤ ਕੋਈ ਵੀ ਮਸਲਾ ਹੱਲ ਕਰਨ ਲਈ ਉਨ੍ਹਾਂ ਦੇ ਦਫਤਰ ਅਤੇ ਘਰ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ। ਉਨ੍ਹਾਂ ਕਿਸਾਨਾਂ ਨੂੰ ਪ੍ਰਦਰਸ਼ਨਾਂ ਦਾ ਰਾਹ ਤਿਆਗਣ ਦੀ ਅਪੀਲ ਕਰਦਿਆਂ ਆਖਿਆ ਕਿ ਜੇ ਸਰਕਾਰ ਨਾਲ ਕੋਈ ਰੋਸਾ ਹੈ ਤਾਂ ਗੱਲਬਾਤ ਵਾਲੀ ਮੇਜ਼ ਉਤੇ ਆਉਣ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੰਚਾਇਤ ਦੀਆਂ ਬੰਜਰ ਜ਼ਮੀਨਾਂ ਨੂੰ ਵਾਹੀਯੋਗ ਬਣਾਉਣ ਵਾਲੇ ਕਾਬਜ਼ਕਾਰਾਂ ਨੂੰ ਮਾਲਕੀ ਹੱਕ ਦੇਣ ਲਈ ਵਿਆਪਕ ਰਣਨੀਤੀ ਲਿਆਏਗੀ। ਉਨ੍ਹਾਂ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਨ ਤੇ ਮਸਲੇ ਦਾ ਛੇਤੀ ਹੱਲ ਕਰਨ ਲਈ ਆਖਿਆ। ਮੁੱਖ ਮੰਤਰੀ ਨੇ ਕਿਹਾ ਕਿ ਪੰਚਾਇਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ੇ ਛੁਡਾਉਣ ਲਈ ਵਿੱਢੀ ਮੁਹਿਮ ਜਾਰੀ ਰਹੇਗੀ। ਮੀਟਿੰਗ ਵਿੱਚ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਮੁੱਖ ਸਕੱਤਰ ਅਨਿਰੁੱਧ ਤਿਵਾੜੀ, ਮੁੱਖ ਮੰਤਰੀ ਦੇ ਵਧੀਕ ਮੁੱਖ ਸਕੱਤਰ ਏ. ਵੇਨੂ ਪ੍ਰਸਾਦ, ਵਧੀਕ ਮੁੱਖ ਸਕੱਤਰ ਖੇਤੀਬਾੜੀ ਸਰਵਜੀਤ ਸਿੰਘ, ਪ੍ਰਮੁੱਖ ਸਕੱਤਰ ਊਰਜਾ ਤੇਜਵੀਰ ਸਿੰਘ ਅਤੇ ਸੀਨੀਅਰ ਪੁਲੀਸ ਅਧਿਕਾਰੀ ਹਾਜ਼ਰ ਸਨ।


## ਅਮਰੀਕਾ ਨੇ ਬਿਨਾਂ ਹਮਲਾ ਕੀਤੇ ਪਾਕਿਸਤਾਨ ਨੂੰ ਗੁਲਾਮ ਬਣਾਇਆ-ਇਮਰਾਨ ਖਾਨ

ਲਾਹੌਰ-ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਦਾਅਵਾ ਕੀਤਾ ਕਿ ਅਮਰੀਕਾ ਨੇ ਉਨ੍ਹਾਂ ਦੇ ਮੁਲਕ ਨੂੰ ਹਮਲਾ ਕੀਤੇ ਬਿਨਾਂ ਹੀ ਗੁਲਾਮ ਬਣਾ ਲਿਆ ਹੈ ਅਤੇ ਦੇਸ਼ ਦੇ ਲੋਕ ਕਦੀ ਵੀ ਥੋਪੀ



ਗਈ ਸਰਕਾਰ ਸਵੀਕਾਰ ਨਹੀਂ ਕਰਨਗੇ। ਸਾਬਕਾ ਕ੍ਰਿਕਟਰ ਤੇ ਸਿਆਸਤਦਾਨ 69 ਸਾਲਾ ਇਮਰਾਨ ਦੀ ਸਰਕਾਰ ਪਿਛਲੇ ਮਹੀਨੇ ਸੰਸਦ 'ਚ ਬੇਭਰੋਸਗੀ ਮਤਾ ਹਾਰਨ ਮਗਰੋਂ ਡਿੱਗ ਗਈ ਸੀ। ਅਹੁਦੇ ਤੋਂ ਹਟਣ ਮਗਰੋਂ ਇਮਰਾਨ ਨੇ ਕਈ ਸ਼ਹਿਰਾਂ 'ਚ ਰੈਲੀਆਂ ਕੀਤੀਆਂ ਹਨ ਤੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੀ ਅਗਵਾਈ ਵਾਲੀ ਨਵੀਂ ਸਰਕਾਰ ਨੂੰ 'ਗੱਦਾਰਾਂ ਤੇ ਭ੍ਰਿਸ਼ਟ ਲੋਕਾਂ' ਦੀ ਸਰਕਾਰ ਦੱਸਿਆ ਹੈ। ਪੰਜਾਬ ਦੇ ਫ਼ੈਸਲਾਬਾਦ ਸ਼ਹਿਰ 'ਚ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, 'ਅਮਰੀਕਾ ਨੇ ਪਾਕਿਸਤਾਨ ਨੂੰ ਬਿਨਾਂ ਹਮਲਾ ਕੀਤੇ ਹੀ ਗੁਲਾਮ ਬਣਾ ਲਿਆ ਹੈ। ਪਾਕਿਸਤਾਨ ਦੇ ਲੋਕ ਕਦੀ ਵੀ ਥੋਪੀ ਹੋਈ ਸਰਕਾਰ ਸਵੀਕਾਰ ਨਹੀਂ ਕਰਨਗੇ।' ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਮੁਖੀ ਦੋਸ਼ ਲਾਇਆ ਕਿ ਅਮਰੀਕਾ ਆਪਣੇ ਹਿੱਤ ਦੇਖੇ ਬਿਨਾਂ ਦੂਜਿਆਂ ਦੀ ਮਦਦ ਨਹੀਂ ਕਰਦਾ। ਉਨ੍ਹਾਂ ਕਿਹਾ ਕਿ ਵਿਦੇਸ਼ ਮੰਤਰੀ ਬਿਲਾਵਲ ਭੁੱਟੋ-ਜ਼ਰਦਾਰੀ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਤੋਂ ਭੀਖ ਮੰਗਣਗੇ ਤਾਂ ਜੋ ਉਹ (ਇਮਰਾਨ) ਮੁੜ ਸੱਤਾ 'ਚ ਨਾ ਆ ਸਕਣ। ਇਮਰਾਨ ਨੇ ਬਿਲਾਵਲ ਅਤੇ ਉਸ ਦੇ ਪਿਤਾ ਤੇ ਸਾਬਕਾ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ 'ਤੇ ਭ੍ਰਿਸ਼ਟ ਹੋਣ ਤੇ ਸਾਰੀ ਦੁਨੀਆ 'ਚ ਆਪਣੀ ਦੌਲਤ ਲੁਕਾਉਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ, 'ਕਿਉਂਕਿ ਬਿਲਾਵਲ ਦੀ ਸਾਰੀ ਦੌਲਤ ਮੁਲਕ ਤੋਂ ਬਾਹਰ ਹੈ, ਇਸ ਲਈ ਉਹ ਅਮਰੀਕਾ ਨੂੰ ਨਾਰਾਜ਼ ਕਰਨ ਦੀ ਹਿੰਮਤ ਨਹੀਂ ਕਰ ਸਕਦੇ, ਨਹੀਂ ਤਾਂ ਉਹ ਹਰ ਚੀਜ਼ ਗੁਆ ਬਹਿਣਗੇ।'






ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

## ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

1154 ਅਰਦਾਸ ਕੀਤੀ ਬੈਠਕੇ ਸੰਗਤਾਂ ਨੇ, ਅਕਾਲ ਪੁਰਖ ਨੂੰ ਰਲ ਧਿਆਇਆ ਏ।
ਕਈ ਘੰਟਿਆਂ ਮਗਰੋਂ ਹੋਸ਼ ਆਈ, ਸਭ ਸੰਗਤਾਂ ਸ਼ੁਕਰ ਮਨਾਇਆ ਏ।
ਨਾਲ ਦੁੱਧ ਦੇ ਦਾਤੇ ਦਵਾ ਪੀਤੀ, ਕੇਸ ਵਾਹ ਕੇ ਸੀਸ ਸਜਾਇਆ ਏ।
ਹਰਚੰਦ ਸਿੰਘਾ ਆਈਆਂ ਸੰਗਤਾਂ ਨੂੰ, ਚੜ੍ਹਦੀ ਕਲਾ ਦਾ ਸ਼ਬਦ ਸੁਣਾਇਆ ਏ॥

### ਸਤਿਗੁਰਾਂ ਦਾ ਸੰਗਤਾਂ ਨੂੰ ਸੰਦੇਸ਼

1155 ਜਾਣੀ ਜਾਣ ਦਸਮੇਸ਼ ਜੀ ਕਹਿਣ ਲੱਗੇ, ਸਮਾਂ ਆ ਗਿਆ ਸਿੰਘੋ ਜਾਣ ਦਾ ਏ।
ਜੋ ਜੰਮਿਆ ਉਸਨੇ ਅੰਤ ਜਾਣਾ, ਹੁਕਮ ਸਭ ਲਈ ਇਹ ਭਗਵਾਨ ਦਾ ਏ।
ਕਿਤੇ ਜੰਮਣਾ ਕਿਤੇ ਹੈ ਕੂਚ ਕਰਨਾ, ਧੁਰੋਂ ਕਰਮ ਇਹ ਇਸ ਜਹਾਨ ਦਾ ਏ।
ਹਰਚੰਦ ਸਿੰਘਾ ਹੋਰਾਂ ਲਈ ਜੀਣਾ, ਸੱਚਾ ਧਰਮ ਇਹ ਨੇਕ ਇਨਸਾਨ ਦਾ ਏ॥

### ਸਿੰਘਾਂ ਦੀ ਬੇਨਤੀ

1156 ਸਿੰਘਾਂ ਪੁੱਛਿਆ ਨੇਤਰੀ ਨੀਰ ਭਰ ਕੇ, ਅਜੇ ਸਮਾਂ ਗੁਰੂ ਜੀ ਜਾਣ ਦਾ ਨਹੀਂ।
ਜ਼ੁਲਮ ਅਜੇ ਪੰਜਾਬ ਦੇ ਵਿੱਚ ਹੁੰਦਾ, ਕਸ਼ਟ ਕੱਟਿਆ ਹਿੰਦੁਸਤਾਨ ਦਾ ਨਹੀਂ।
ਸਿੱਖੀ ਅਜੇ ਨੀ ਭਰ ਜਵਾਨ ਹੋਈ, ਹੋਇਆ ਖਾਲਸਾ ਜ਼ੁਲਮ ਦੇ ਹਾਣ ਦਾ ਨਹੀਂ।
ਬਿਨਾਂ ਮਾਪਿਆਂ ਵਿਲਕਦੇ ਬਾਲਕਾਂ ਨੂੰ, ਹਰਚੰਦ ਸਿੰਘਾ ਗਲੇ ਕੋਈ ਲਾਂਵਦਾ ਨਹੀਂ॥

1157 ਕੌਣ ਹੋਏਗਾ, ਗੁਰੂ ਜੀ ਗੁਰੂ ਸਾਡਾ, ਕੌਣ ਦਏਗਾ ਸਾਨੂੰ ਗਿਆਨ ਦਾਤਾ।
ਅਸੀਂ ਲਾਲਚਾ ਵਿੱਚ ਨਾ ਭਟਕ ਜਾਈਏ, ਨੰਨ੍ਹੇ ਬਾਲ ਹਾਂ ਅਜੇ ਅਣਜਾਣ ਦਾਤਾ।
ਪੈਰਾਂ ਹੇਠ ਨਾ ਅਜੇ ਜ਼ਮੀਨ ਸਾਡੇ, ਨਹੀਂ ਆਪਣਾ ਅਜੇ ਅਸਮਾਨ ਦਾਤਾ।
ਕਿਵੇਂ ਜੀਆਂਗੇ ਅਸੀਂ ਹਰਚੰਦ ਸਿੰਘਾ, ਸਾਡੀ ਆਪਦੇ ਵਿਚ ਹੈ ਜਾਨ ਦਾਤਾ॥

### ਗੁਰੂ ਜੀ

1158 ਮੇਰੇ ਪੁੱਤਰੋ ਤੁਸੀਂ ਹੋ ਜਾਨ ਮੇਰੀ, ਵਿੱਚ ਖਾਲਸੇ ਅਸਾਂ ਨਿਵਾਸ ਕਰਨਾ।
ਚੋਲਾ ਛੱਡਣਾ ਅਸੀਂ ਸਰੀਰ ਵਾਲਾ, ਚਿੱਤ ਤੁਸਾਂ ਨਾ ਰਤੀ ਉਦਾਸ ਕਰਨਾ।
ਥੋਡੇ ਵਿਚ ਹੈ ਸਦਾ ਹੀ ਰੂਹ ਮੇਰੀ, ਜ਼ਾਲਮ ਜ਼ੁਲਮ ਦਾ ਤੁਸਾਂ ਨੇ ਨਾਸ ਕਰਨਾ।
ਹਰਚੰਦ ਸਿੰਘਾ ਹੌਸਲਾ ਹਾਰਨਾ ਨਹੀਂ, ਜੰਗਾਂ ਯੁੱਧਾਂ ਦਾ ਸਦਾ ਅਭਿਆਸ ਕਰਨਾ॥

1159 ਗੁਰੂ ਗ੍ਰੰਥ ਹੈ ਅੱਜ ਤੋਂ ਗੁਰੂ ਥੋਡਾ, ਅਸਾਂ ਉਸ ਦੇ ਵਿਚ ਸਮਾ ਜਾਣਾ।
ਮਨ ਜਦ ਵੀ ਕਰੇ ਦਰਸ਼ਨਾਂ ਨੂੰ, ਸਾਡੇ ਪਾਸ ਚੱਲ ਕੇ ਆ ਜਾਣਾ।
ਸ਼ਬਦ ਗੁਰੂ ਦਏਗਾ ਸੇਧ ਥੋਨੂੰ, ਕੰਨੀਂ ਸ਼ਬਦ ਗੁਰਾਂ ਦਾ ਪਾ ਜਾਣਾ।
ਸਾਰੀ ਦੁਨੀਆਂ ਵਿਚ ਹਰਚੰਦ ਸਿੰਘਾ, ਮੇਰੇ ਪੁੱਤਰੋਂ ਤੁਸੀਂ ਹੈ ਛਾ ਜਾਣਾ॥

1160 ਇੱਕ ਨਾਰੀ ਸੰਗ ਵਿਆਹ ਕਰਨਾ, ਬਾਕੀ ਧੀ, ਭੈਣ, ਜਾਂ ਮਾਂ ਸਿੰਘੋ।
ਦਸਾਂ ਨਹੁੰਆਂ ਦੀ ਸੱਚੀ ਕਿਰਤ ਕਰਨੀ, ਅਤੇ ਵੰਡ ਕੇ ਲੈਣਾ ਖਾ ਸਿੰਘੋ।
ਦੇਸ ਕੌਮ ਲਈ ਜਿੰਦ ਕੁਰਬਾਨ ਕਰਨੀ, ਡਿੱਗੇ ਹੋਇਆਂ ਦੇਣਾ ਉਠਾ ਸਿੰਘੋ।
ਜ਼ੁਲਮ ਜੋ ਵੀ ਕਰੇ ਹਰਚੰਦ ਸਿੰਘਾ, ਦੇਣੀ ਉਸਨੂੰ ਸਖਤ ਸਜ਼ਾ ਸਿੰਘੋ॥

1161 ਕਿਸੇ ਧਰਮ ਨੂੰ ਠੇਸ ਪੁਚਾਵਣੀ ਨੀ, ਸਾਰੇ ਧਰਮ ਨੇ ਏਕ-ਸਾਮਾਨ ਭਾਈ।
ਧਰਮਸਾਲ ਤੇ ਮੰਦਰ, ਮਸੀਤ, ਗਿਰਜੇ, ਘਰ ਰੱਬ ਦੇ ਸਭ ਨੂੰ ਜਾਨ ਭਾਈ।
ਇਕਸਾਰ ਜੋ ਸਮਝੇ ਪਰਜਾ ਨੂੰ, ਰਾਜਾ ਜੱਗ ਤੇ ਉਹ ਮਹਾਨ ਭਾਈ।
ਹਰਚੰਦ ਸਿੰਘਾ ਹੋ ਜੇ ਜੋ ਸਾਰਿਆਂ ਦਾ, ਉਹਨੂੰ ਮੁਸ਼ਕਲਾਂ ਮੂਲ ਨਾ ਆਣ ਭਾਈ॥

1162 ਵਿਸਾਹ ਕਰਨਾ ਨਹੀਂ ਹੈ ਦੁਸ਼ਮਣਾਂ ਦਾ, ਨਾਲ ਮਿੱਤਰਾਂ ਕਦੇ ਨਹੀਂ ਮਾਰ ਕਰਨੀ।
ਸ਼ੁਰੂ ਕਿਸੇ ਕੰਮ ਨੂੰ ਜਦ ਕਰਨਾ, ਪੰਜ ਸਿੰਘਾਂ ਨੇ ਬੈਠ ਵਿਚਾਰ ਕਰਨੀ।
ਗੁਰਮਤਾ ਜਦੋਂ ਵੀ ਸੋਧ ਲਿਆ, ਫਿਰ ਉਸਤੇ ਨਹੀਂ ਤਕਰਾਰ ਕਰਨੀ।
ਸਿਰ ਜਾਏ ਤਾਂ ਜਾਏ ਹਰਚੰਦ ਸਿੰਘਾ, ਨੀਵੀਂ ਪਰ ਨਹੀਂ ਕਦੇ ਦਸਤਾਰ ਕਰਨੀ॥

1163 ਆਜ਼ਾਦੀ ਵੱਲ ਹੈ ਪਹਿਲਾ ਪੈਰ ਪਾਇਆ, ਅਜੇ ਮੰਜ਼ਿਲ ਬੜੀ ਹੈ ਦੂਰ ਸਿੰਘੋ।
ਅਜੇ ਘਾਟਾ ਆਜ਼ਾਦੀ ਦਾ ਗੁੰਨ੍ਹਿਆ ਏ, ਗਰਮ ਕਰਨਾ ਅਜੇ ਤੰਦੂਰ ਸਿੰਘੋ।
ਲੋੜ ਪੈਣੀ ਅਜੇ ਸ਼ਹਾਦਤਾਂ ਦੀ, ਖਪ ਜਾਣਗੇ ਪੂਰਾਂ ਦੇ ਪੂਰ ਸਿੰਘੋ।
ਸੱਤ ਸਦੀਆਂ ਪਿੱਛੋਂ ਹਰਚੰਦ ਸਿੰਘਾ, ਰੱਬ ਸੁਣੇਗਾ ਸਾਡੀ ਜ਼ਰੂਰ ਸਿੰਘੋ॥

1164 ਕਿਸੇ ਤਾਈਂ ਕਦੇ ਨੀ ਭੈ ਦੇਣਾ, ਭੈ ਕਿਸੇ ਕੋਲੋਂ ਵੀ ਖਾਵਣਾ ਨਹੀਂ।
ਭਲੇ ਕੰਮ ਦੀ ਜਦ ਵੀ ਲੋੜ ਪਏ, ਤੁਰੰਤ ਕਰ ਲਿਓ ਤੇ ਅੱਗੇ ਪਾਵਣਾ ਨਹੀਂ।
ਮੁਲਕ ਨਾਲ ਗਦਾਰੀ ਨਾ ਕਦੇ ਕਰਨੀ, ਲਾਲਚ ਵੇਖ ਕੇ ਮਨ ਡੁਲਾਵਣਾ ਨਹੀਂ।
ਹਰਚੰਦ ਸਿੰਘਾ ਝੂਠ ਤੋਂ ਦੂਰ ਰਹਿਣਾ, ਅਤੇ ਸੱਚ ਤੋਂ ਮੁੱਖ ਭੁਆਵਣਾ ਨਹੀਂ॥

1165 ਕੁੜੀ ਮਾਰ ਤੇ ਨੜੀ ਮਾਰ (ਹੁੱਕਾ ਪੀਣਾ) ਕੋਲੋਂ, ਕੁੱਝ ਲੈ ਕੇ ਕਦੇ ਵੀ ਖਾਵਣਾ ਨਾ।
ਟੇਕ ਰੱਖਣੀ ਗੁਰੂ ਗ੍ਰੰਥ ਉਤੇ, ਮੜ੍ਹੀ, ਮੂਰਤੀ ਸਿਰ ਨਿਵਾਵਣਾ ਨਾ।
ਜ਼ਾਲਮ ਤਾਈਂ ਜਿਊਂਦਾ ਛੱਡਣਾ ਨਹੀਂ, ਬਹੂ, ਬੇਟੀਆਂ ਹੱਥ ਲਗਾਵਣਾ ਨਾ।
ਹਰਚੰਦ ਸਿੰਘਾ ਨਾ ਦਾਗੀ ਕਰਾਰ ਕਰਨੇ, ਬਚਨ ਗੁਰੂ ਦਾ ਕਦੇ ਭੁਲਾਵਣਾ ਨਾ॥

1166 ਜਿੰਨਾਂ ਚਿਰ ਨਾ ਦੇਸ਼ ਆਜ਼ਾਦ ਹੋਏ, ਤੁਸੀਂ ਜੂਝਣਾ ਜ਼ਬਰ ਦੇ ਨਾਲ ਸਿੰਘੋ।
ਚੰਗੇ ਸਮੇਂ ਦੀ ਸਦਾ ਉਡੀਕ ਕਰਨੀ, ਭਾਵੇਂ ਲੱਗਣ ਕਿੰਨੇ ਹੀ ਸਾਲ ਸਿੰਘੋ।
ਆਜ਼ਾਦੀ ਲੈ ਕੇ ਰਹੋ ਆਜ਼ਾਦ ਹੋ ਕੇ, ਚੰਗੀ ਕਰਨੀ ਸਾਂਭ ਸੰਭਾਲ ਸਿੰਘੋ।
ਹਰਚੰਦ ਸਿੰਘਾ ਹੌਸਲਾ ਗੁਰੂ ਥੋਡਾ, ਅਕਾਲ ਪੁਰਖ ਹੈ ਆਪ ਦੀ ਢਾਲ ਸਿੰਘੋ॥

1167 ਕੋਈ ਕੌਮ ਜਹਾਨ ਦੀ ਨਹੀਂ ਮਾੜੀ, ਕੁੱਝ ਬੰਦੇ ਮਾੜੀ ਬਣਾ ਦੇਂਦੇ।
ਕਈ ਕੌਮ ਦਾ ਹਨ ਨਸੀਬ ਬਣਦੇ, ਕਈ ਕੌਮ ਨੂੰ ਮਾਰ ਮੁਕਾਰ ਜਾਂਦੇ।
ਕਈ ਲਾਲਚੀ ਲਾਲਚਾਂ ਵਿਚ ਆ ਕੇ, ਮਾਂ ਮਿੱਟੀ ਨੂੰ ਵੇਚ ਕੇ ਖਾ ਜਾਂਦੇ।
ਹਰਚੰਦ ਸਿੰਘਾ ਕਰਨ ਗੁਲਾਮ ਕਈ, ਕਈ ਦੇਸ ਆਜ਼ਾਦ ਕਰਾ ਜਾਂਦੇ॥

1168 ਪਿਆਰੇ ਖਾਲਸਾ ਜੀ ਸਾਡੇ ਜਾਣ ਪਿੱਛੋਂ, ਬੈਠ ਜਾਣਾ ਨਾ ਢੇਰੀਆਂ ਢਾ ਕੇ ਜੀ।
ਹੱਕ ਮੰਗਿਆ ਕੋਈ ਨਾ ਦੇਂਵਦਾ ਏ, ਹੱਕ ਮਿਲਦੇ ਤਾਨ ਦੁਖਾ ਕੇ ਜੀ।
ਬੀ ਨਾਸ ਹੈ ਕਰਨਾ ਵੈਰੀਆਂ ਨੇ, ਸਿੱਖੀ ਪੱਟਣੀ ਜੜ੍ਹਾਂ ਤੋਂ ਜਾ ਕੇ ਜੀ।
ਹਰਚੰਦ ਸਿੰਘਾ ਸਿੱਖੀ ਨੂੰ ਫਲ ਪੈਣੇ, ਰਾਖੀ ਕਰਿਓ ਜਾਨਾਂ ਲਗਾ ਕੇ ਜੀ॥

1169 ਹਰ ਸਿੰਘ ਹੋਏਗਾ ਰੂਪ ਮੇਰਾ, ਜਿੱਥੇ ਮਿਲੇ ਫਤਹਿ ਗਜਾਵਣੀ ਏ।
ਜਾਤ-ਪਾਤ ਨਾ ਪੁੱਛਣਾ ਗੋਤ ਉਸਦਾ, ਪਹੁਲ ਛਕ ਕੇ ਸਭ ਮੁੱਕ ਜਾਵਣੀ ਏ।
ਪੂਜਾ ਕਰਨੀ ਗੁਰੂ ਤੇ ਸਸਤਰਾਂ ਦੀ, ਜਿਨ੍ਹਾਂ ਮਨ ਦੀ ਆਸ ਪੁਜਾਵਣੀ ਏ।
ਕੁੱਠਾ ਖਾਣਾ ਨਹੀਂ ਕਦੇ ਹਰਚੰਦ ਸਿੰਘਾ, ਮਾਰ ਆਪਣੀ ਮਾਰ ਕੇ ਖਾਵਣੀ ਏ॥

1170 ਅੰਗੀਠਾ ਸਾਡਾ ਸਿੰਘੋ ਫਰੋਲਿਓ ਨਾ, ਯਾਦਗਾਰ ਵੀ ਕੋਈ ਬਣਾਵਣੀ ਨੀ।
ਇਹ ਹੁਕਮ ਦੀ ਕਰੂ ਉਲੰਘਣਾ ਜੋ, ਕੁੱਲ ਆਪਣੀ ਉਸ ਬਚਾਵਣੀ ਨੀ।
ਅਕਾਲ ਪੁਰਖ ਦਾ ਸੱਦਾ ਜਦ ਆਇਆ, ਸਾਡੇ ਨਾਲ ਕੋਈ ਚੀਜ਼ ਟਕਾਵਣੀ ਨੀ।
ਹਰਚੰਦ ਸਿੰਘਾ ਡਰ ਹਕੂਮਤਾਂ ਤੋਂ, ਤੇਗ ਵਿਚ ਮਿਆਨ ਦੇ ਪਾਵਣੀ ਨੀ॥

### ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਗੱਦੀ ਦੇਣੀ

1171 ਪੰਜ ਪੈਸੇ ਅਤੇ ਨਰੇਲ ਧਰ ਕੇ, ਸਤਿਗੁਰ ਬੀੜ ਨੂੰ ਸੀਸ ਨਿਭਾ ਦਿੱਤਾ।
ਕਰ ਪ੍ਰਕਰਮਾ ਫੇਰ ਦਸਮੇਸ਼ ਜੀ ਨੇ, ਆਦਿ ਗੁਰੂ ਗ੍ਰੰਥ ਸਾਹਿਬ ਬਣਾ ਦਿੱਤਾ।
ਗੁਰੂ-ਗ੍ਰੰਥ ਹੈ ਅੱਜ ਤੋਂ ਸਾਰਿਆਂ ਦਾ, ਸਭ ਸੰਗਤਾਂ ਤਾਈਂ ਸੁਣਾ ਦਿੱਤਾ।
ਰਹਿੰਦੀ ਦੁਨੀਆਂ ਤੀਕ ਹੈ ਲੋ ਰਹਿਣੀ, ਹਰਚੰਦ ਸਿੰਘਾ ਦੀਪ ਜਗਾ ਦਿੱਤਾ॥

### ਸਤਿਗੁਰਾਂ ਦੇ ਅੰਤਮ ਸ਼ਬਦ

1172 ਜੋੜ ਕੇ ਹੱਥ ਫਿਰ ਸਾਰਿਆਂ ਨੂੰ, ਫ਼ਤਹਿ ਆਖਰੀ ਗੁਰਾਂ ਬੁਲਾ ਦਿੱਤੀ।
'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਆਖ ਕੇ ਚੁੱਪ ਵਰਤਾ ਦਿੱਤੀ।
ਰੂਹ ਆਪਣੀ ਖਾਲਸੇ ਵਿਚ ਪਾਈ, ਦੇਹੀ ਧਰਤ ਦੀ ਗੋਦ ਵਿਚ ਪਾ ਦਿੱਤੀ।
ਹਰਚੰਦ ਸਿੰਘਾ ਚੰਦਨ ਦੀ ਚਾੜ੍ਹ ਚਿਖਾ, ਸਿੰਘਾਂ ਆਖਰੀ ਰਸਮ ਨਿਭਾ ਦਿੱਤੀ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE 1973 THE LINK GROUP 2021
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



# ਸਪੈਸ਼ਲ ਸੇਲ !

www.dream-carpets.com

# dream carpets

Shaw FLOORS
Ansonylon
STAINMASTER CARPET
ClearTouch

from $1.98 SF — **Berber** Installed

**Textured Saxony** Installed — from $2.28 SF

**Laminate Floor**
8.3mm thick
25 years warranty
Click Do It Yourself
German technology
.99 cent

**Commercial Carpet**
Starts From .78 cent

**Berber**
Starts From .78 cent

**Area Rug (5x8)**
Starts From $68

## ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

**NOBODY KNOWS FLOORING LIKE DREAM CARPETS**

**SERVING WESTERN CANADA FOR OVER 38 YEARS**



Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00



Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed



Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00

# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ, ਉਮਰ 38, ਕੱਦ 5'8". ਥੋੜ੍ਹੀ ਜਿਹੀ ਡਿਸਪੈਰਿਟੀ, ਦੇਖਣ ਨੂੰ ਨਾਰਮਲ ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਡਿਸਪੈਰਿਟੀ ਵਾਲੀ ਲੜਕੀ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 778-760-3981, Email: kashkaur59@gmail.com

may 07

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ ) ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 604-901-9044

may 07

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5'9", ਕਲੀਨ ਸ਼ੇਵ, ਲੜਕੇ ਦਾ ਆਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

ap 23

ਬੀ.ਸੀ. 'ਚ ਰਹਿੰਦੇ ਕੈਨੇਡਿਅਨ ਸਿਟੀਜ਼ਨ ਜੱਟ ਸਿੱਖ ਤਲਾਕਸ਼ੁਦਾ (ਕੋਈ ਬੱਚਾ ਨਹੀ) ਲੜਕਾ, ਉਮਰ 42 ਸਾਲ, ਕੱਦ 6'1" ਅਕਾਊਂਟਿੰਗ ਮੈਨੇਜਰ ਦਾ ਕੰਮ ਕਰਦੇ, ਨੋ ਡ੍ਰਿੰਕ, ਨੋ ਸਮੋਕ ਲਈ ਕੈਨੇਡਿਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਿਟਰ ਵੀਜ਼ੇ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ-604-369-6505 ਜਾਂ email:jassidhillon455@yahoo.com

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

ਜੱਟ ਸਿੱਖ ਪਰਿਵਾਰ ਆਪਣੀ ਲੜਕੀ ਉਮਰ 25 ਸਾਲ, ਕੱਦ 5'4", ਸੋਹਣੀ ਸੁਨੱਖੀ , ਐੱਮ.ਬੀ.ਬੀ.ਐੱਸ. (MBBS) ਲਈ ਲੜਕੇ ਦੀ ਤਲਾਸ਼ ਕਰ ਰਹੇ ਹਨ। ਲੜਕਾ ਡਾਕਟਰ ਅਤੇ ਜੱਟ ਸਿੱਖ ਪਰਿਵਾਰ ਦਾ ਹੋਣਾ ਚਾਹੀਦਾ ਹੈ ਅਤੇ ਕੈਨੇਡਾ ਦਾ ਨਾਗਰਿਕ ਜਾਂ ਪੀ.ਆਰ. ਹੋਣਾ ਚਾਹੀਦਾ ਹੈ। ਲੜਕੀ ਦਾ ਪਰਿਵਾਰ ਵੈਨਕੂਵਰ ਬਹੁਤ ਮਸ਼ਹੂਰ ਅਤੇ ਵਧੀਆ ਸੈਟਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ:604-377-4085

### ਜੀਵਨ ਸਾਥਣ ਦੀ ਲੋੜ

50+ ਸਾਲਾਂ ਕਨੇਡੀਅਨ ਸਿਟੀਜ਼ਨ ਵਿਧਵਾ ਵਿਅਕਤੀ, ਬਹੁਤ ਸੁੰਦਰ, ਅਥਲੀਟ, ਬਹੁਤ ਜਵਾਨ,ਲਈ ਪੀ ਆਰ ਜਾਂ ਕਨੇਡੀਅਨ ਸਿਟੀਜ਼ਨ ਜੀਵਨ ਸਾਥਣ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਨਵੇਂ ਇੰਮੀਗਰਾਂਟ ਵੀ ਸਪੰਰਕ ਕਰ ਸਕਦੇ ਹਨ। ਸੰਪਰਕ-604-765-8531

may 07

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿੱਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ ਕਰੋ: 604-307-7008

ਸਟੋਰ ਤੇ ਕੰਮ ਕਰਨ ਲਈ ਲੜਕੀਆ ਦੀ ਲੋੜ ਹੈ। ਵਧੀਆ ਤਨਖਾਹ ਦੀਤੀ ਜਾਵਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-339-2389

## EMPLOYMENTS

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ:

ਸਾਹਿਬ ਸਿੰਘ : 778-863-9000

### ਦਫ਼ਤਰ ਲਈ ਜਗ੍ਹਾ

80 ਐਵਿਨਿਊ 'ਤੇ ਪਿਕਸ ਬਿਲਡਿੰਗ ਵਿੱਚ ਦੂਜੀ ਮੰਜ਼ਿਲ 'ਤੇ 1000 ਸੁਕੁਏਅਰ ਫੁੱਟ ਦਫ਼ਤਰ ਲਈ ਜਗ੍ਹਾ ਉਪਲਬਧ। ਪੂਰੀ ਵਿੰਡ ਐਕਸਪੋਜ਼ਰ।

ਹੋਰ ਜਾਣਕਾਰੀ ਲਈ ਸੰਪਰਕ-
604-763-2600

ਬਹੁਤ ਵਧੀਆ ਲੋਕੇਸ਼ਨ ਫਾਰ-
- ਮੌਰਗੇਜ ਬਰੋਕਰ
-ਅਕਾਊਂਟਸ
-ਇੰਮੀਗ੍ਰੇਸ਼ਨ
-ਵਕੀਲ ਜਾਂ ਹੋਰ ਕੋਈ ਬਿਜ਼ਨਸ

# ਬਾਲਿਆਂਵਾਲੀ ਵਿਖੇ ਅੰਤਰ ਸਕੂਲ ਅਤੇ ਅੰਤਰ ਕਾਲਜ ਕਵਿਤਾ ਗਾਇਨ ਮੁਕਾਬਲੇ

## ਕੈਨੇਡੀਅਨ ਕਲਾਕਾਰ ਸੁਰਜੀਤ ਸਿੰਘ ਮਾਧੋਪੁਰੀ ਨੇ ਪਾਇਆ ਵਿਸ਼ੇਸ਼ ਯੋਗਦਾਨ



ਬਾਲਿਆਂਵਾਲੀ-ਪੇਂਡੂ ਸਾਹਿਤ ਸਭਾ ਰਜਿ ਬਾਲਿਆਂਵਾਲੀ ਵੱਲੋਂ ਬ੍ਰਿਗੇਡੀਅਰ ਬੰਤ ਸਿੰਘ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਅੰਤਰ ਸਕੂਲ ਅਤੇ ਅੰਤਰ ਕਾਲਜ ਕਵਿਤਾ ਗਾਇਨ ਮੁਕਾਬਲੇ ਕਰਵਾਏ ਗਏ। ਕਵੀਸ਼ਰ ਮਾਘੀ ਸਿੰਘ ਗਿੱਲ ਯਾਦਗਾਰੀ ਲਾਇਬਰੇਰੀ ਬਾਲਿਆਂਵਾਲੀ ਵਿਖੇ ਕਰਵਾਏ ਗਏ ਇਨ੍ਹਾਂ ਮੁਕਾਬਲਿਆਂ ਵਿੱਚ 10 ਸਕੂਲਾਂ ਦੇ 50 ਵਿਦਿਆਰਥੀਆਂ ਨੇ ਭਾਗ ਲਿਆ। ਗਰੁੱਪ ਏ ਵਿੱਚ ਪਹਿਲਾ ਸਥਾਨ ਆਸ਼ਾ ਸਰਕਾਰੀ ਐਲੀਮੈਂਟਰੀ ਸਕੂਲ ਬਾਲਿਆਂਵਾਲੀ, ਦੂਸਰਾ ਸਥਾਨ ਗੁਰਮਨ ਕੌਰ ਸੈਂਟ ਕਬੀਰ ਕਾਨਵੈਂਟ ਸਕੂਲ ਭੁੱਚੋ ਮੰਡੀ ਅਤੇ ਤੀਸਰਾ ਸਥਾਨ ਵੰਸ਼ਿਕਾ ਸਰਕਾਰੀ ਐਲੀਮੈਂਟਰੀ ਸਕੂਲ ਬਾਲਿਆਂਵਾਲੀ, ਹੌਂਸਲਾ ਵਧਾਊ ਇਨਾਮ ਅਮਨਦੀਪ ਕੌਰ,ਇਸ਼ਪ੍ਰੀਤ ਕੌਰ ਅਤੇ ਵਿਮਲ ਕੌਰ ਨੇ ਪ੍ਰਾਪਤ ਕੀਤੇ। ਗਰੁੱਪ ਬੀ ਵਿੱਚ ਪਹਿਲਾ ਸਥਾਨ ਅੰਮ੍ਰਿਤਪਾਲ ਕੌਰ ਬਾਲ ਮੰਦਰ ਪਬਲਿਕ ਹਾਈ ਸਕੂਲ ਬਾਲਿਆਂਵਾਲੀ, ਦੂਸਰਾ ਸਥਾਨ ਅਰਮਾਨਜੋਤ ਕੌਰ ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸਕੂਲ ਬਾਲਿਆਂਵਾਲੀ, ਤੀਸਰਾ ਸਥਾਨ ਕਮਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਰਲਜ਼ ਬਾਲਿਆਂਵਾਲੀ, ਹੌਂਸਲਾ ਵਧਾਊ ਇਨਾਮ ਸੋਮਿਆਂ ਦੇਵੀ,ਦਿਲਜੋਤ ਕੌਰ ਅਤੇ ਸਿਮਰਨਜੀਤ ਕੌਰ ਨੇ ਪ੍ਰਾਪਤ ਕੀਤੇ। ਗਰੁੱਪ ਸੀ ਵਿੱਚ ਪਹਿਲਾ ਸਥਾਨ ਮੰਜੂ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢੱਡੇ, ਦੂਸਰਾ ਸਥਾਨ ਕੋਮਲਪ੍ਰੀਤ ਕੌਰ, ਤੀਸਰਾ ਸਥਾਨ ਸੋਨੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਲਿਆਂਵਾਲੀ, ਹੌਂਸਲਾ ਵਧਾਊ ਇਨਾਮ ਪ੍ਰਭਜੋਤ ਨੇ ਪ੍ਰਾਪਤ ਕੀਤੇ। ਮੁਕਾਬਲੇ ਦੀ ਜੱਜਮੈਂਟ ਅਮਰਜੀਤ ਸਿੰਘ ਸਟੇਟ ਅਵਾਰਡੀ, ਸੱਤਪਾਲ ਸਿੰਘ ਗਿੱਲ ਕਵੀਸ਼ਰ ਅਤੇ ਜਸਵੀਰ ਸ਼ਰਮਾ ਦੱਦਾਹੂਰ ਨੇ ਕੀਤੀ। ਕੈਨੇਡੀਅਨ ਕਲਾਕਾਰ ਸੁਰਜੀਤ ਸਿੰਘ ਮਾਧੋਪੁਰੀ ਦੇ ਸਹਿਯੋਗ ਨਾਲ ਕਵੀਆਂ ਦੇ ਕਵਿਤਾ ਮੁਕਾਬਲੇ ਦੇ ਜੇਤੂਆਂ ਨੂੰ ਇਨਾਮ ਦਿੱਤੇ ਗਏ, ਜਿਹਨਾਂ ਵਿਚ ਪਹਿਲਾ ਇਨਾਮ ਜਸਵੀਰ ਸ਼ਰਮਾ ਦੱਦਾਹੂਰ, ਦੂਸਰਾ ਇਨਾਮ ਡਾ. ਜਸਪਾਲਜੀਤ ਬਠਿੰਡਾ, ਡਾਕਟਰ ਸ਼ਿਆਮ ਸੁੰਦਰ ਦੀਪਤੀ ਅੰਮ੍ਰਿਤਸਰ, ਤੀਸਰਾ ਇਨਾਮ ਕੁਲਵਿੰਦਰ ਵਿਰਕ ਕੋਟਕਪੂਰਾ ਅਤੇ ਰਾਬਿੰਦਰ ਰੱਬੀ ਮੋਰਿੰਡਾ ਨੇ ਹਾਸਲ ਕੀਤਾ। ਹੌਂਸਲਾ ਵਧਾਊ ਇਨਾਮ ਕੁਲਦੀਪ ਬੰਗੀ ਬਠਿੰਡਾ, ਯਾਰ ਮੁਬਾਰਕ ਪਥਰਾਲਾ, ਅਮਰਜੀਤ ਕੌਰ ਮੋਰਿੰਡਾ, ਗੁਰਕੀਰਤ ਸਿੰਘ ਔਲਖ ਫੂਲ ਅਤੇ ਅਕਰਮ ਧੂਰਕੋਟ ਤਹਿ ਤਪਾ ਨੇ ਪ੍ਰਾਪਤ ਕੀਤਾ। ਇਹਨਾਂ ਕਵਿਤਾਵਾਂ ਦੀ ਜੱਜਮੈਂਟ ਪੰਜ ਪ੍ਰਸਿੱਧ ਵਿਦਵਾਨਾਂ ਗੁਰਦੇਵ ਖੋਖਰ, ਜਸਦੀਸ਼ ਕੁਲਰੀਆਂ, ਡਾ ਰਵਿੰਦਰ ਸੰਧੂ, ਤਰਸੇਮ ਅਤੇ ਅਮਰਜੀਤ ਸਿੰਘ ਪੇਂਟਰ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਸਭਾ ਦੇ ਪ੍ਰਧਾਨ ਜੀਤ ਸਿੰਘ ਚਹਿਲ, ਅਜਮੇਰ ਦੀਵਾਨਾ, ਦਰਸ਼ਨ ਸਿੰਘ ਸਿੱਧੂ, ਸੁਖਦਰਸ਼ਨ ਗਰਗ ਸ਼ਾਮਲ ਸਨ। ਸਟੇਜ ਦੀ ਜ਼ਿੰਮੇਵਾਰੀ ਜਗਨ ਨਾਥ ਨੇ ਨਿਭਾਈ। ਪ੍ਰੋਗਰਾਮ ਵਿੱਚ ਇੰਦਰ ਸਿੰਘ, ਗੁਰਮੇਲ ਸਿੰਘ ਮੇਲਾ,ਪੱਤਰਕਾਰ ਨਸੀਬ ਸ਼ਰਮਾ, ਗੁਰਪ੍ਰੀਤ ਕੌਰ ਅਤੇ ਪੱਤਰਕਾਰ ਹਰਿੰਦਰ ਹਨੀ ਹਾਜ਼ਰ ਸਨ। ਬ੍ਰਿਗੇਡੀਅਰ ਬੰਤ ਸਿੰਘ ਦੇ ਪਰਿਵਾਰ ਵੱਲੋਂ ਵਾਟਰ ਕੂਲਰ ਦਾ ਉਦਘਾਟਨ ਕੀਤਾ ਗਿਆ ਅਤੇ ਬ੍ਰਿਗੇਡੀਅਰ ਬੰਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਰਾਤ ਸਮੇਂ ਕੀਰਤੀ ਕ੍ਰਿਪਾਲ ਦੀ ਨਾਟਕ ਮੰਡਲੀ ਵੱਲੋਂ ਦੋ ਨਾਟਕ 'ਮੇਰੇ ਲੋਕ' ਅਤੇ 'ਮੁਕਤੀ' ਲੋਕਾਂ ਦੇ ਭਰਵੇਂ ਇਕੱਠ ਵਿੱਚ ਖੇਡੇ ਗਏ। ਲੋਕਾਂ ਵੱਲੋਂ ਨਾਟਕਾਂ ਨੂੰ ਭਰਵਾਂ ਹੁੰਗਾਰਾ ਮਿਲਿਆ। ਨਾਟਕਾਂ ਸਮੇਂ ਹਲਕਾ ਮੌੜ ਦੇ ਵਿਧਾਇਕ ਜਸਵੀਰ ਮਾਈਸਰਖਾਨਾ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਅਤੇ ਉਹਨਾਂ ਆਪਣੇ ਵਿਚਾਰ ਲੋਕਾਂ ਨਾਲ ਸਾਂਝੇ ਕੀਤੇ।



NORTHCOAST LUMBER 1

CALL THE TRUE CONTRACTORS YARD TODAY
604-597-8884

*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਮਕਬਰੇ ਦੀ ਸੁਰੱਖਿਆ ਵਧਾਈ



ਔਰੰਗਾਬਾਦ-ਪ੍ਰਸ਼ਾਸਨ ਵੱਲੋਂ ਔਰੰਗਾਬਾਦ ਵਿੱਚ ਮੁਗਲ ਸ਼ਾਸਕ ਔਰੰਗਜ਼ੇਬ ਦੇ ਮਕਬਰੇ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਇਹ ਜਾਣਕਾਰੀ ਅੱਜ ਭਾਰਤੀ ਪੁਰਾਤੱਤਵ ਵਿਭਾਗ ਦੇ ਇੱਕ ਅਧਿਕਾਰੀ ਨੇ ਦਿੱਤੀ। ਪ੍ਰਸ਼ਾਸਨ ਵੱਲੋਂ ਮਕਬਰੇ ਦੀ ਸੁਰੱਖਿਆ ਮਹਾਰਾਸ਼ਟਰ ਨਵਨਿਰਮਾਣ ਸੈਨਾ ਦੇ ਨੇਤਾ ਵੱਲੋਂ ਸੂਬੇ ਵਿੱਚ ਉਕਤ ਮਕਬਰੇ ਦੀ ਲੋੜ 'ਤੇ ਸਵਾਲ ਉਠਾਏ ਜਾਣ ਮਗਰੋਂ ਵਧਾਈ ਗਈ ਹੈ। ਐੱਮਐੱਨਐੱਸ ਨੇਤਾ ਨੇ ਕਿਹਾ ਸੀ ਕਿ ਮਕਬਰੇ ਨੂੰ ਢਾਹ ਦੇਣਾ ਚਾਹੀਦਾ ਹੈ। ਹਾਲ ਵਿੱਚ ਏਆਈਐੱਮਆਈਐੱਮ ਨੇਤਾ ਅਕਬਰੂਦੀਨ ਓਵਾਇਸੀ ਵੱਲੋਂ ਔਰੰਗਜ਼ੇਬ ਦੇ ਮਕਬਰੇ 'ਤੇ ਜਾਣ ਦੀ ਮਹਾਰਾਸ਼ਟਰ ਵਿੱਚ ਸੱਤਾਧਾਰੀ ਸ਼ਿਵ ਸੈਨਾ ਅਤੇ ਰਾਜ ਠਾਕਰੇ ਦੀ ਅਗਵਾਈ ਵਾਲੀ ਮਹਾਰਾਸ਼ਟਰ ਨਵਨਿਰਮਾਨ ਸੈਨਾ ਨੇ ਆਲੋਚਨਾ ਕੀਤੀ ਸੀ। ਇਸ ਸਬੰਧੀ ਏਐੱਸਆਈ ਦੇ ਔਰੰਗਾਬਾਦ ਸਰਕਲ ਸੁਪਰਡੈਂਟ ਮਿਲਨ ਕੁਮਾਰ ਨੇ ਚੌਬੇ ਨੇ ਦੱਸਿਆ ਕਿ ਕੁਝ ਲੋਕਾਂ ਨੇ ਮਕਬਰੇ ਤਾਲਾ ਲਾਉਣ ਦੀ ਕੋਸ਼ਿਸ਼ ਕੀਤੀ ਸੀ।

# ਤੇਜ਼ ਤਰਾਰ ਗੁਜਰਾਤੀ ਆਗੂ ਹਾਰਦਿਕ ਪਟੇਲ ਵੱਲੋਂ ਕਾਂਗਰਸ ਤੋਂ ਅਸਤੀਫਾ



ਅਹਿਮਦਾਬਾਦ-ਤਿੰਨ ਸਾਲ ਪਹਿਲਾਂ ਕਾਂਗਰਸ 'ਚ ਸ਼ਾਮਲ ਹੋਣ ਵਾਲੇ ਪਾਟੀਦਾਰ ਆਗੂ ਹਾਰਦਿਕ ਪਟੇਲ ਨੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ। ਹਾਰਦਿਕ ਨੇ ਪਾਰਟੀ ਦੀ ਸਿਖਰਲੀ ਲੀਡਰਸ਼ਿਪ 'ਤੇ ਦੋਸ਼ ਲਾਇਆ ਕਿ ਉਨ੍ਹਾਂ ਦਾ ਵਤੀਰਾ ਇੰਜ ਦਾ ਸੀ ਜਿਵੇਂ ਉਹ ਗੁਜਰਾਤ ਅਤੇ ਗੁਜਰਾਤੀਆਂ ਨੂੰ ਨਫ਼ਰਤ ਕਰਦੇ ਹੋਣ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਭੇਜੇ ਗਏ ਅਸਤੀਫ਼ੇ 'ਚ ਉਨ੍ਹਾਂ ਕਿਹਾ ਕਿ ਉਹ ਗੁਜਰਾਤ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਦਾ ਅਹੁਦਾ ਅਤੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਛੱਡ ਰਹੇ ਹਨ। ਹਾਰਦਿਕ ਪਟੇਲ ਦੇ ਅਲਵਿਦਾ ਆਖਣ ਨਾਲ ਗੁਜਰਾਤ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੂੰ ਵੱਡਾ ਝਟਕਾ ਲੱਗਿਆ ਹੈ। ਪਿਛਲੇ ਕੁਝ ਸਮੇਂ ਦੌਰਾਨ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਕੇਂਦਰੀ ਮੰਤਰੀ ਅਸ਼ਵਨੀ ਕੁਮਾਰ ਅਤੇ ਆਰ ਪੀ ਐੱਨ ਸਿੰਘ ਸਮੇਤ ਕਈ ਹੋਰ ਵੱਡੇ ਆਗੂ ਕਾਂਗਰਸ ਛੱਡ ਚੁੱਕੇ ਹਨ।

# ਸਾਲ ਦੇ ਅੰਤ ਤਕ ਵਿਆਹ ਕਰਵਾਉਣਗੇ ਮਲਾਇਕਾ ਅਤੇ ਅਰਜੁਨ ਕਪੂਰ..!



ਚੰਡੀਗੜ੍ਹ-ਅਫ਼ਵਾਹਾਂ ਮਗਰੋਂ ਸਾਲ 2019 ਵਿੱਚ ਅਦਾਕਾਰ ਅਰਜੁਨ ਕਪੂਰ ਅਤੇ ਅਦਾਕਾਰਾ ਮਲਾਇਕਾ ਅਰੋੜਾ ਦੇ ਰਿਸ਼ਤੇ ਦੀ ਪੁਸ਼ਟੀ ਹੋਈ ਸੀ। ਹੁਣ ਚਰਚਾ ਇਹ ਹੈ ਕਿ ਇਸ ਜੋੜੇ ਨੇ ਵਿਆਹ ਕਰਵਾਉਣ ਦਾ ਫ਼ੈਸਲਾ ਕੀਤਾ ਹੈ। 'ਬੌਲੀਵੁੱਡਲਾਈਫ਼' ਦੀ ਰਿਪੋਰਟ ਅਨੁਸਾਰ ਅਰਜੁਨ ਅਤੇ ਮਲਾਇਕਾ ਇਸ ਸਾਲ ਦੇ ਅਖ਼ੀਰ 'ਤੇ ਵਿਆਹ ਕਰਵਾਉਣ ਜਾ ਰਹੇ ਹਨ। ਇਕ ਸੂਤਰ ਨੇ ਪੋਰਟਲ ਨੂੰ ਦੱਸਿਆ, "ਅਰਜੁਨ ਅਤੇ ਮਲਾਇਕਾ ਇੱਕ-ਦੂਜੇ ਨੂੰ ਬਹੁਤ ਪਿਆਰ ਕਰਦੇ ਹਨ। ਇਹ ਜੋੜਾ ਸਰਦੀਆਂ ਵਿੱਚ ਮੁੰਬਈ 'ਚ ਵਿਆਹ ਕਰਵਾਏਗਾ ਕਿਉਂਕਿ ਇਨ੍ਹਾਂ ਦੋਵਾਂ ਨੂੰ ਸਰਦੀਆਂ ਦਾ ਮੌਸਮ ਪਸੰਦ ਹੈ।" ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅਰਜੁਨ ਅਤੇ ਮਲਾਇਕਾ ਦੇ ਵਿਆਹ ਸਮਾਗਮ ਵਿੱਚ ਕਰੀਬੀ ਦੋਸਤ ਅਤੇ ਪਰਿਵਾਰਕ ਮੈਂਬਰ ਹੀ ਹਾਜ਼ਰ ਹੋਣਗੇ। "ਇਨ੍ਹਾਂ ਨੂੰ ਸਾਦਗੀ ਪਸੰਦ ਹੈ ਅਤੇ ਉਹ ਵਿਆਹ ਰਜਿਸਟਰਡ ਕਰਵਾਉਣ ਮਗਰੋਂ ਪਾਰਟੀ ਕਰਨਗੇ। ਇਸ ਪਾਰਟੀ ਵਿੱਚ ਸਿਨੇ ਜਗਤ ਵਿੱਚ ਉਨ੍ਹਾਂ ਦੇ ਕਰੀਬੀਆਂ ਸਮੇਤ ਦੋਵਾਂ ਦੇ ਪਰਿਵਾਰਕ ਮੈਂਬਰ ਸ਼ਾਮਲ ਹੋਣਗੇ।" ਅਰਜੁਨ ਕਪੂਰ ਦੀ ਉਮਰ 36 ਸਾਲ ਹੈ ਅਤੇ ਮਲਾਇਕਾ ਅਰੋੜਾ 48 ਸਾਲ ਦੀ ਹੈ। ਮਲਾਇਕਾ ਪਹਿਲਾਂ ਅਰਬਾਜ਼ ਖ਼ਾਨ ਨਾਲ ਵਿਆਹੀ ਹੋਈ ਸੀ ਅਤੇ ਉਸ ਦਾ ਇੱਕ ਪੁੱਤਰ ਅਰਹਾਨ ਵੀ ਹੈ।

# ਭਾਰਤ ਵੱਲੋਂ ਕਣਕ ਦੀ ਬਰਾਮਦ ਉਪਰ ਰੋਕ ਲਗਾਉਣ ਨਾਲ ਕੌਮਾਂਤਰੀ ਬਾਜ਼ਾਰ ਵਿਚ ਹਲਚਲ

ਨਿਊਯਾਰਕ-ਭਾਰਤ ਵਲੋਂ ਬਰਾਮਦ ਤੇ ਪਾਬੰਦੀ ਲਗਾਉਣ ਤੋਂ ਬਾਅਦ ਕਣਕ ਦੀਆਂ ਕੀਮਤਾਂ 'ਚ ਵਾਧਾ ਹੋਇਆ ਹੈ, ਜਿਸ ਨਾਲ ਅੰਤਰਰਾਸ਼ਟਰੀ ਬਾਜ਼ਾਰਾਂ 'ਚ ਹਲਚਲ ਮੱਚ ਗਈ ਹੈ। ਯੂਕਰੇਨ 'ਤੇ ਰੂਸ ਦੇ ਹਮਲੇ ਤੋਂ ਕਾਰਨ ਇਸ ਸਾਲ ਕਣਕ ਦੀਆਂ ਕੀਮਤਾਂ 'ਚ 60 ਫੀਸਦੀ ਤੋਂ ਵੱਧ ਦਾ ਵਾਧਾ ਹੋਇਆ ਹੈ। ਇਹ ਦੋਵੇਂ ਯੂਰਪੀ ਦੇਸ਼ ਦੁਨੀਆ ਦੀ ਕਣਕ ਦੀ ਬਰਾਮਦ ਦਾ ਤੀਜਾ ਨਿਰਯਾਤ ਕਰਦੇ ਹਨ। ਭਾਰਤ, ਚੀਨ ਤੋਂ ਬਾਅਦ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਕਣਕ ਉਤਪਾਦਕ ਮੁਲਕ ਹੈ। ਇਸ ਦੌਰਾਨ ਅਮਰੀਕਾ ਨੇ ਉਮੀਦ ਜਤਾਈ ਹੈ ਕਿ ਭਾਰਤ ਕਣਕ ਦੇ ਨਿਰਯਾਤ 'ਤੇ ਪਾਬੰਦੀ ਲਗਾਉਣ ਦੇ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰੇਗਾ। ਅਮਰੀਕਾ ਨੇ ਇਹ ਵੀ ਕਿਹਾ ਕਿ ਉਹ ਦੇਸ਼ਾਂ ਨੂੰ ਨਿਰਯਾਤ 'ਤੇ ਪਾਬੰਦੀ ਨਾ ਲਗਾਉਣ ਲਈ ਉਤਸ਼ਾਹਿਤ ਕਰੇਗਾ, ਕਿਉਂਕਿ ਇਹ ਯੂਕਰੇਨ 'ਤੇ ਰੂਸ ਦੇ ਹਮਲੇ ਕਾਰਨ ਅਜਿਹੀਆਂ ਪਾਬੰਦੀਆਂ ਦੁਨੀਆ 'ਚ ਖ਼ੁਰਾਕ ਸੰਕਟ ਪੈਦਾ ਕਰ ਦੇਣਗੀਆਂ।


AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜ਼ਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ, ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

ਰੀਅਲ ਐਸਟੇਟ ਅਤੇ ਮੌਰਟਗੇਜ ਬਰੋਕਰ
ਪੜ੍ਹਾਈ ਦੀ ਅਪ-ਟੂ-ਡੇਟ ਸਮਗਰੀ ਦੇ ਨਾਲ ਕੋਰਸ
ਸਿਰਫ 4 ਹਫਤਿਆਂ ਵਿਚ
ਆਪਣੀ ਸਹੂਲਤ ਅਨੁਸਾਰ ਸਵੇਰ ਜਾਂ ਸ਼ਾਮ ਦੇ ਗਰੁੱਪ/ਕਲਾਸਾਂ ਵਿੱਚ ਸਿੱਖੋ। ਪਾਸ ਹੋਣ ਲਈ ਰੋਜਾਨਾ ਦੇ ਸੈਂਪਲ ਟੈਸਟ ਦਾ ਫਾਈਦਾ ਲਵੋ।

ਫੀਸ
$649
ਸਵੇਰ ਅਤੇ ਸ਼ਾਮ ਦੀਆਂ ਕਲਾਸਾਂ
ਸੋਮਵਾਰ ਤੋਂ ਸ਼ੁੱਕਰਵਾਰ ਤੱਕ
ਹੋਰ ਜਾਣਕਾਰੀ ਲਈ ਦੀਪ ਨੂੰ ਫੋਨ ਕਰੋ
SURE SHOT LEARNING CENTER
ਸ਼ਿਓਰ-ਸ਼ੋਟ ਲਰਨਿੰਗ ਸੈਂਟਰ
604.446.2817
#102 9360 120 ਸਟਰੀਟ, ਸਰੀ

# ‘ਧਾਕੜ’ ’ਚ ਮਾਫੀਆ ਡੌਨ ਬਣੀ ਦਿੱਵਿਆ ਦੱਤਾ



ਮੁੰਬਈ-ਸਿਨੇਮਾਘਰਾਂ ਵਿੱਚ ਹਾਲ ਹੀ ‘ਚ ਰਿਲੀਜ਼ ਹੋਈ ਪੰਜਾਬੀ ਫ਼ਿਲਮ ‘ਮਾਂ’ ਵਿੱਚ ਪ੍ਰਸ਼ੰਸਕਾਂ ਨੇ ਅਦਾਕਾਰਾ ਦਿੱਵਿਆ ਦੱਤਾ ਨੂੰ ਮਾਂ ਦੇ ਰੂਪ ਵਿੱਚ ਵੇਖਿਆ ਹੈ। ਹੁਣ ਦਿੱਵਿਆ ਦੱਤਾ ਆਪਣੀ ਨਵੀਂ ਫਿਲਮ ‘ਧਾਕੜ’ ਵਿੱਚ ਮਾਫੀਆ ਡੌਨ ਦੀ ਭੂਮਿਕਾ ਵਿਚ ਨਜ਼ਰ ਆਏਗੀ। ਅਦਾਕਾਰਾ ਨੇ ਆਪਣੇ ਕੰਮ ਨੂੰ ਪਿਆਰ ਕਰਨ ਦੇ ਤਜਰਬੇ ਸਾਂਝੇ ਕੀਤੇ ਅਤੇ ਆਖਿਆ ਕਿ ਇਹੀ ਕਾਰਨ ਹੈ, ਜਿਹੜਾ ਉਸ ਨੂੰ ਮਾਂ ਤੋਂ ਮਾਫੀਆ ਡੌਨ ਦੇ ਕਿਰਦਾਰ ਤੱਕ ਲੈ ਜਾਂਦਾ ਹੈ। ‘ਧਾਕੜ’ ਵਿਚਲੇ ਆਪਣੇ ਕਿਰਦਾਰ ਬਾਰੇ ਗੱਲ ਕਰਦਿਆਂ ਦਿਵਿਆ ਨੇ ਆਖਿਆ, ‘ਮੈਂ ਰੋਹਿਨੀ ਦੇ ਕਿਰਦਾਰ ਤੋਂ ਪਹਿਲਾਂ ਕਦੇ ਵੀ ਅਜਿਹੀ ਭੂਮਿਕਾ ਨਹੀਂ ਨਿਭਾਈ। ਇਹ ਨਹੀਂ ਪਤਾ ਕਿਉਂ ਪਰ ਹਰ ਵਾਰ ਐਕਸ਼ਨ ਤੇ ਕੱਟ ਦਰਮਿਆਨ ਕੁਝ ਵੱਖਰਾ ਅਤੇ ਖਾਸ ਹੁੰਦਾ ਹੈ। ਸਾਡੇ ਨਿਰਦੇਸ਼ਕ ਨੇ ਵੀ ਮੈਨੂੰ ਪੁੱਛਿਆ ਕਿ ਦਿੱਵਿਆ ‘ਚੋਂ ਇਹ ‘ਕਮੀਨਾਪਣ’ ਕਿੱਥੋਂ ਆ ਗਿਆ? ਮੈਂ ਹੱਸੀ ਅਤੇ ਆਖਿਆ ਕਿ ਮੈਨੂੰ ਇਸ ਕੰਮ ਲਈ ਕਸੂਰਵਾਰ ਨਾ ਠਹਿਰਾਓ। ਜੇਕਰ ਮੈਂ ਇਮਾਨਦਾਰੀ ਨਾਲ ਕਹਾਂ ਤਾਂ ਮੈਨੂੰ ਇੰਜ ਜਾਪਦਾ ਹੈ ਕਿ ਜਿੰਨਾ ਅਸੀਂ ਕਿਸੇ ਕਿਰਦਾਰ ਦੀ ਡੂੰਘਾਈ ਤੱਕ ਜਾਂਦੇ ਹਾਂ ਤਾਂ ਸਾਨੂੰ ਮਨੁੱਖੀ ਦਿਮਾਗ ਦੀ ਸੋਝੀ ਆਉਂਦੀ ਹੈ ਅਤੇ ਅਦਾਕਾਰ ਹੋਣ ਦੇ ਨਾਤੇ ਇਹ ਮੇਰੇ ਲਈ ਖ਼ੁਦ ਨੂੰ ਤਰਾਸ਼ਣ ਵਾਂਗ ਹੈ। ਜ਼ਿਕਰਯੋਗ ਹੈ ਕਿ ਰਜ਼ਨੀਸ਼ ਘਈ ਦੀ ਨਿਰਦੇਸ਼ਿਤ ਇਹ ਫਿਲਮ 20 ਮਈ ਨੂੰ ਰਿਲੀਜ਼ ਹੋਣ ਜਾ ਰਹੀ ਹੈ।

# ਭਾਰ ਘਟਾਉਣ ਲਈ ਸਰਜਰੀ ਦੌਰਾਨ ਅਦਾਕਾਰਾ ਚੇਤਨਾ ਰਾਜ ਦੀ ਮੌਤ



ਬੰਗਲੂਰੂ-ਕੰਨੜ ਅਦਾਕਾਰਾ ਚੇਤਨਾ ਰਾਜ (21 ਸਾਲਾ) ਦੀ ਬੰਗਲੂਰੂ ਵਿੱਚ ਭਾਰ ਘਟਾਉਣ ਲਈ ਕੀਤੀ ਸਰਜਰੀ ਦੌਰਾਨ ਮੌਤ ਹੋ ਗਈ। ਪੁਲੀਸ ਦਾ ਕਹਿਣਾ ਹੈ ਕਿ ਇਸ ਸਰਜਰੀ ਬਾਰੇ ਉਸ ਦੇ ਮਾਪਿਆਂ ਨੂੰ ਕੋਈ ਜਾਣਕਾਰੀ ਨਹੀਂ ਸੀ। ਉਹ ਬੰਗਲੂਰੂ ਦੇ ਅਬੀਗੇਰੇ ਖੇਤਰ ਦੀ ਰਹਿਣ ਵਾਲੀ ਸੀ ਅਤੇ ਉਸ ਦੀ ਮੌਤ ਸਰਜਰੀ ਦੌਰਾਨ ਹੋਈ ਹੈ। ਚੇਤਨਾ ਦੇ ਮਾਪੇ ਸਰਜਰੀ ਦੌਰਾਨ ਡਾਕਟਰਾਂ ‘ਤੇ ਲਾਪ੍ਰਵਾਹੀ ਵਰਤਣ ਦੇ ਦੋਸ਼ ਲਾ ਰਹੇ ਹਨ। ਉਨ੍ਹਾਂ ਆਖਿਆ ਕਿ ਸਰਜਰੀ ਦੌਰਾਨ ਲੋੜੀਂਦੀ ਸਮੱਗਰੀ ਦੀ ਵੀ ਘਾਟ ਸੀ। ਹਸਪਤਾਲ ਅਥਾਰਿਟੀ ਦਾ ਕਹਿਣਾ ਹੈ ਕਿ ਚੇਤਨਾ ਦੀ ਮੌਤ ਸਰਜਰੀ ਦੌਰਾਨ ਫੇਫੜਿਆਂ ਵਿੱਚ ਪਾਣੀ ਭਰਨ ਕਾਰਨ ਹੋਈ ਹੈ। ਚੇਤਨਾ ਰਾਜ ਨੇ ਪ੍ਰਸਿੱਧ ਲੜੀਵਾਰ ‘ਗੀਤਾ’, ‘ਡੋਰੇਸਾਨੀ’, ‘ਓਲਾਵੀਨਾ ਨੀਲਦਾਨਾ’ ਵਿੱਚ ਕੰਮ ਕੀਤਾ ਸੀ। ਉਸ ਨੇ ਕੰਨੜ ਫਿਲਮ ‘ਹਵਾਯਾਮੀ’ ਵਿੱਚ ਵੀ ਕੰਮ ਕੀਤਾ ਸੀ। ਚੇਤਨਾ ਰਾਜ ਦੇ ਪਿਤਾ ਗੋਵਿੰਦਾ ਰਾਜ ਨੇ ਦੱਸਿਆ ਕਿ ਉਨ੍ਹਾਂ ਦੀ ਧੀ ਨੂੰ ਸੋਮਵਾਰ ਨੂੰ ਸਵੇਰੇ ਸਾਢੇ ਅੱਠ ਵਜੇ ਦਾਖ਼ਲ ਕਰਵਾਇਆ ਗਿਆ ਸੀ। ਜਦੋਂ ਉਨ੍ਹਾਂ ਨੂੰ ਇਸ ਬਾਰੇ ਪਤਾ ਲੱਗਿਆ ਉਦੋਂ ਸਰਜਰੀ ਸ਼ੁਰੂ ਹੋ ਚੁੱਕੀ ਸੀ। ਸ਼ਾਮ ਤਕ ਉਸ ਦੇ ਫੇਫੜਿਆਂ ਵਿੱਚ ਪਾਣੀ ਅਤੇ ਚਰਬੀ ਭਰਨ ਕਾਰਨ ਉਸ ਨੂੰ ਸਾਹ ਲੈਣ ਵਿੱਚ ਦਿਕਤ ਆ ਰਹੀ ਸੀ। ਉਨ੍ਹਾਂ ਕਿਹਾ ਕਿ ਆਈਸੀਯੂ ਵਿੱਚ ਸਹੂਲਤਾਂ ਦੀ ਘਾਟ ਸੀ। ਉਸ ਦੇ ਪਿਤਾ ਨੇ ਕਿਹਾ ਕਿ ਚੇਤਨਾ ਨੇ ਪਰਿਵਾਰ ਕੋਲੋਂ ਸਰਜਰੀ ਦੀ ਇਜਾਜ਼ਤ ਮੰਗੀ ਸੀ ਪਰ ਉਨ੍ਹਾਂ ਨੇ ਨਾਂਹ ਕਰ ਦਿੱਤੀ ਸੀ ਅਤੇ ਹਸਪਤਾਲ ਨੇ ਪਰਿਵਾਰ ਦੀ ਸਹਿਮਤੀ ਤੋਂ ਬਗੈਰ ਸਰਜਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਹਸਪਤਾਲ ਵਿਰੁੱਧ ਕਾਨੂੰਨੀ ਕਾਰਵਾਈ ਕਰਨਗੇ।




J DHHOT
TRANSPORTATION LTD.
778-565-2551
NOW HIRING
COMPANY DRIVERS & OWNER OPERATOR

*Sign up Bonus $500*
*Bi-weekly Pay*
*Health Insurance*
*Vision And Dental*
*Frequent Home Time*
*Minimum 2 Years Experience*
*Steady Work All Year Around*

*We're always looking for reliable, energetic and courteous truck drivers to join our team. If this sounds like you, email us at dispatch@jdhhot.com*

*LADY DRIVERS ARE WELCOME*

ਬੀ.ਸੀ. ਵਿੱਚ ਕੋਵਿਡ-19

ਵੈਕਸੀਨ ਸਾਨੂੰ ਸੁਰੱਖਿਆ ਪ੍ਰਦਾਨ ਕਰਦੇ ਹਨ।

ਵੈਕਸੀਨ ਪਰਿਵਾਰਾਂ ਅਤੇ 5 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬੱਚਿਆਂ ਵਿੱਚ ਗੰਭੀਰ ਕੋਵਿਡ-19 ਬੀਮਾਰੀ ਤੋਂ ਬਚਾਅ ਵਿੱਚ ਮਦਦ ਕਰਦੇ ਹਨ। ਤੁਹਾਨੂੰ ਭਾਂਵੇ ਪਹਿਲਾਂ ਕੋਵਿਡ-19 ਹੋ ਚੁੱਕਿਆ ਹੈ, ਫਿਰ ਵੀ ਵੈਕਸੀਨ ਇਮਿਊਨ ਪ੍ਰਤੀਕਿਰਿਆ ਨੂੰ ਮਜ਼ਬੂਤ ਕਰਨ ਦਾ ਸਭ ਤੋਂ ਅਸਰਦਾਰ ਤਰੀਕਾ ਹਨ। ਕੈਨੇਡਾ ਦੇ ਪਿਡੀਐਟ੍ਰਿਕ ਵੈਕਸੀਨਾਂ ਦੀ ਸਖ਼ਤੀ ਨਾਲ ਜਾਂਚ ਕੀਤੀ ਗਈ ਹੈ ਅਤੇ ਇਹ ਸੁਰੱਖਿਅਤ ਹਨ। ਆਪਣੇ ਆਪ ਨੂੰ ਅਤੇ ਆਪਣੇ ਅਜ਼ੀਜ਼ਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰੋ।
ਅੱਜ ਹੀ ਆਪਣੇ ਬੱਚਿਆਂ ਨੂੰ ਟੀਕਾਕਰਣ ਲਈ ਰਜਿਸਟਰ ਕਰੋ।




gov.bc.ca/vaccineforkids-PUN
BRITISH COLUMBIA

# ਗਿੱਪੀ ਅਤੇ ਤਾਨੀਆ ਵੱਲੋਂ ਨਵੀਂ ਫ਼ਿਲਮ ਦੀ ਸ਼ੂਟਿੰਗ

ਚੰਡੀਗੜ੍ਹ-ਸਾਲ 2022 ਪੰਜਾਬੀ ਸਿਨੇ ਜਗਤ ਲਈ ਬਹੁਤ ਅਹਿਮ ਰਿਹਾ ਹੈ। ਹਰ ਰੋਜ਼ ਪੌਲੀਵੁੱਡ ਵਿੱਚ ਨਵੀਆਂ ਫਿਲਮਾਂ ਦੇ ਐਲਾਨ ਕੀਤੇ ਜਾ ਰਹੇ ਹਨ। ਸਿਨੇਮਾ ਰਾਹੀਂ ਕੁਝ ਵੱਖਰਾ ਅਤੇ ਨਵਾਂ ਕਰਨ ਲਈ ਹਰ ਕਲਾਕਾਰ ਆਪਣੀ ਕੋਸ਼ਿਸ਼ ਕਰ ਰਿਹਾ ਹੈ। ਕਈ ਅਣਛੋਹੇ ਵਿਸ਼ਿਆਂ ਤੇ ਸ਼ਾਨਦਾਰ ਸਿਰਲੇਖਾਂ ਸਣੇ ਹੁਣ 'ਨਵੀਆਂ ਜੋੜੀਆਂ' ਰਾਹੀਂ ਫਿਲਮਸਾਜ਼ ਹਰ ਪੱਖੋਂ ਦਰਸ਼ਕਾਂ ਦਾ ਮਨੋਰੰਜਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਦਰਸ਼ਕ ਵੀ ਆਪਣੇ ਮਨਪਸੰਦ ਦੇ ਕਲਾਕਾਰਾਂ ਨੂੰ ਨਵੇਂ ਸਹਿ-ਕਲਾਕਾਰਾਂ ਨਾਲ ਵੱਡੇ ਪਰਦੇ 'ਤੇ ਦੇਖਣ ਲਈ ਉਤਾਵਲੇ ਹਨ। ਹੁਣ ਨਵਾਂ ਪ੍ਰਯੋਗ ਕਰਨ ਲਈ ਗਿੱਪੀ ਗਰੇਵਾਲ ਅਤੇ ਤਾਨੀਆ ਦੀ ਜੋੜੀ ਤਿਆਰ ਹੈ। ਗਿੱਪੀ ਨੂੰ ਵੱਡੀ ਗਿਣਤੀ ਦਰਸ਼ਕ ਪਸੰਦ ਕਰਦੇ ਹਨ ਅਤੇ ਤਾਨੀਆ ਨੇ ਵੀ ਪੰਜਾਬ ਸਿਨੇ ਵਿੱਚ ਆਪਣੀ ਵੱਖਰੀ ਪਛਾਣ



ਬਣਾਈ ਹੈ। ਹੁਣ ਇਹ ਦੋਵੇਂ ਜਣੇ ਪਹਿਲੀ ਵਾਰ ਸਿਲਵਰ ਸਕਰੀਨ 'ਤੇ ਇਕੱਠੇ ਨਜ਼ਰ ਆਉਣਗੇ। ਦੋਵਾਂ ਜਣਿਆਂ ਨੇ ਸੋਸ਼ਲ ਮੀਡੀਆ ਦੇ ਆਪੋ-ਆਪਣੇ ਖਾਤਿਆਂ 'ਤੇ ਪ੍ਰਸ਼ੰਸਕਾਂ ਲਈ ਤਸਵੀਰ ਸਾਂਝੀ ਕੀਤੀ ਹੈ। ਇਹ ਤਸਵੀਰ ਉਨ੍ਹਾਂ ਦੀ ਨਵੀਂ ਫ਼ਿਲਮ ਦੇ ਸੈੱਟ ਦੀ ਹੈ। ਇਸ ਨੂੰ ਦੇਖਣ ਤੋਂ ਜਾਪਦਾ ਹੈ ਕਿ ਇਹ ਫ਼ਿਲਮ ਸਾਲ 2000 ਦੇ ਦਹਾਕੇ 'ਤੇ ਆਧਾਰਿਤ ਜਾਪਦੀ ਹੈ। ਗਿੱਪੀ ਨੇ ਵੱਡੇ ਚੈੱਕ ਵਾਲੀ ਕਮੀਜ਼ ਪਹਿਨੀ ਹੋਈ ਹੈ ਤੇ ਗਲੇ 'ਚ ਤਾਵੀਜ਼ ਪਾਇਆ ਹੋਇਆ ਹੈ।






## ਆਲੀਆ ਨੇ ਸਾਂਝੀਆਂ ਕੀਤੀਆਂ ਵਿਆਹ ਦੀਆਂ ਨਵੀਆਂ ਤਸਵੀਰਾਂ

ਮੁੰਬਈ-ਅਦਾਕਾਰਾ ਆਲੀਆ ਭੱਟ ਤੇ ਅਦਾਕਾਰ ਰਣਬੀਰ ਕਪੂਰ ਨੇ ਆਪਣੇ ਵਿਆਹ ਨੂੰ ਇੱਕ ਮਹੀਨਾ ਪੂਰਾ ਹੋਣ 'ਤੇ ਸੋਸ਼ਲ ਮੀਡੀਆ 'ਤੇ ਕੁਝ ਨਵੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਕੱਲ੍ਹ ਇਸ ਜੋੜੇ ਨੇ ਆਪਣੇ ਵਿਆਹ ਦੇ ਇੱਕ ਮਹੀਨਾ ਪੂਰਾ ਹੋਣ ਦਾ ਜਸ਼ਨ ਮਨਾਇਆ। ਆਲੀਆ ਨੇ ਸੋਸ਼ਲ ਮੀਡੀਆ 'ਤੇ ਰਣਬੀਰ ਨਾਲ ਵਿਆਹ ਦੀਆਂ ਕੁਝ ਅਣਦੇਖੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਤਸਵੀਰਾਂ 'ਚ ਇਹ ਜੋੜੀ ਹੱਸਦੀ ਨਜ਼ਰ ਆ ਰਹੀ ਹੈ। ਅਦਾਕਾਰਾ ਨੇ ਤਸਵੀਰਾਂ ਦੀ ਕੈਪਸ਼ਨ ਗੁਬਾਰੇ, ਕੇਕ ਤੇ ਨੱਚਦੇ ਹੋਏ ਇਮੋਜੀਜ਼ ਸਾਂਝੇ ਕੀਤੇ ਹਨ। ਪਹਿਲੀ



ਤਸਵੀਰ ਉਨ੍ਹਾਂ ਦੇ ਵਿਆਹ ਤੋਂ ਬਾਅਦ ਦੇ ਜਸ਼ਨਾਂ ਦੀ ਹੈ, ਜਿਸ ਵਿੱਚ ਦੋਵੇਂ ਜਣੇ ਇੱਕ-ਦੂਜੇ ਵੱਲ ਪਿਆਰ ਨਾਲ ਦੇਖ ਰਹੇ ਹਨ। ਦੂਜੀ ਤਸਵੀਰ 'ਰਿਸੈਪਸ਼ਨ' ਦੀ ਹੈ, ਜਿਸ ਵਿੱਚ ਰਣਬੀਰ, ਆਲੀਆ ਦੇ ਪਿੱਛੇ ਖੜ੍ਹਾ ਨਜ਼ਰ ਆ ਰਿਹਾ ਹੈ। ਜਾਣਕਾਰੀ ਅਨੁਸਾਰ ਆਲੀਆ ਅਤੇ ਰਣਬੀਰ ਨੇ ਸਾਲ 2018 ਵਿੱਚ ਫ਼ਿਲਮ 'ਬ੍ਰਹਮਾਸਤਰ' ਦੀ ਸ਼ੂਟਿੰਗ ਦੌਰਾਨ ਡੇਟਿੰਗ ਸ਼ੁਰੂ ਕੀਤੀ ਸੀ। ਦੋਵੇਂ ਜਣੇ ਇਸ ਸਮੇਂ ਫ਼ਿਲਮ ਰਿਲੀਜ਼ ਹੋਣ ?ਦੀ ਉਡੀਕ ਕਰ ਰਹੇ ਹਨ, ਜਿਸ ਦਾ ਨਿਰਦੇਸ਼ਨ ਅਯਾਨ ਮੁਖਰਜੀ ਨੇ ਕੀਤਾ ਹੈ। ਰਣਬੀਰ ਅਤੇ ਆਲੀਆ ਲੰਘੀ 14 ਅਪਰੈਲ ਨੂੰ ਵਿਆਹ ਬੰਧਨ ਵਿਚ ਬੱਝੇ ਸਨ।




# Gold Key INSURANCE

**Number 1 in the Community for 25 Years.**

Explore Your Options

## Home | Condo | Rental | Tenants
## Business | CGL Liability | Property
## Trucking | Cargo | Fleet |Equipment
## Construction | Contractor | Farm
## Travel | Super Visa | Medical
## Auto | Marine | Motorcycle
## and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

# TEL : 604 502 0441

ICBC Online and Delivery available.

ਪੰਜਾਬੀ

हिंदी

| | | | |
|---|---|---|---|
| **SURREY** | 5-8430 128TH ST. | MON-FRI | 8 AM - 8 PM |
| **(604) 502 - 0441** | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| **VANCOUVER** | 4038 KNIGHT ST. | MON-FRI | 9 AM - 8 PM |
| **(604) 325 - 1241** | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

ICBC autoplan

**OPEN 7 DAYS**

www.goldkeyinsurance.ca

# LONG WEEKEND SPECIALS

## fruiticana hee jaana!

YOUR ONE AND ONLY SURREY OWNED

Punjabi Store

## LOWEST PRICES IN TOWN

**Extra Extra Super Special**

### Rajan MANGOES

(Haden) 4 kg

ਰਾਜਨ ਹੇਡਨ ਅੰਬ

$12.99 BOX

*Number of pieces depends on the weight

Daikon (Mooli) ਮੂਲੀ 88¢ lb

English Cucumbers ਇੰਗਲਿਸ਼ ਖੀਰੇ 2 for $1.50

**Extra Super Super Special**

Jumbo Cauliflower Size 9 ਵੱਡਾ ਗੋਬੀ ਦਾ ਫੁੱਲ ਸਾਈਜ਼ ੯ $2.98 ea.

**Extra Super Super Special**

Maggi Masala Noodles 76 g ਮੈਗੀ ਮਸਾਲਾ ਨੂਡਲਜ਼ 6 for 99¢

Russet Potatoes 10 lbs ਆਲੂ ਰਸਟ ਸਨੋਬੁਆਏ $2.99 bag

Almonds Supreme #1 ਬਦਾਮ ਪ੍ਰੀਮੀਅਮ ਸਾਈਜ਼ ੧ $3.88 lb

**Super Special**

Yellow Onions 50 lbs ਪੀਲੇ ਗੰਢੇ $16.99 bag

**Super Special**

Indian Eggplants ਦੇਸੀ ਬਤਾਊਂ 99¢ lb

Rapini (Sarson da Saag) ਸਰਸੋਂ ਦਾ ਸਾਗ $2.69 bunch

Punjabi Cookies New Crunch & Indican 2.2 lbs All Flavours ਪੰਜਾਬੀ ਕੁਕੀਜ਼ ਨੀਓ ਕ੍ਰੰਚ ਅਤੇ ਇੰਡੀਕਨ $4.98 pkg.

**Super Special**

Shana Original Parantha 1200 g ਸਹਾਨਾ ਓਰੀਜਨਲ ਪਰਾਠਾ $7.99 pkg.

**Super Special**

Chickpeas, Chana Dal & Red Lentil Whole 4 lbs (Indican) ਚਿਟੇ ਛੋਲੇ, ਚਨੇ ਦੀ ਦਾਲ ਅਤੇ ਮਸਰਾ ਦੀ ਸਾਬਤ ਦਾਲ (ਇੰਡੀਕੇਨ) $3.88 bag

**Super Special**

Fresh Garlic ਤਾਜ਼ਾ ਲਸਣ 99¢ lb

**Super Special**

Fresh Ginger ਤਾਜ਼ਾ ਅਦਰਕ 98¢ lb

Red Delicious Apples ਲਾਲ ਸਵਾਦ ਸੇਬ 88¢ lb

Indican Almond Oil 1 L ਇੰਡੀਕੇਨ ਬਦਾਮ ਦਾ ਤੇਲ $12.99 bottle

Indian Karela ਭਾਰਤੀ ਕਰੇਲਾ $1.49 lb

Cilantro ਧਣੀਆ 2 bunches for 98¢

Long Eggplants ਲੰਬੇ ਬਤਾਊਂ $1.49 lb

Green Elaichi (Cardamom) S.G ਹਰੀ ਇਲਾਇਚੀ (ਐਸ. ਜੀ) $18.99 lb

Spinach ਪਾਲਕ 99¢ bunch

Reg. Large Eggplant ਵੱਡੇ ਬਤਾਊਂ 99¢ ea.

Product images may differ from the actual product.

**Thur May 19, 2022 - Wed May 25, 2022**

We reserve the right to limit the quantities while they last

Specials valid for Lower Mainland only

**22 LOCATIONS TO SERVE YOU**

Head Office: 7676 Anvil Way, Surrey
604-502-0005
www.fruiticana.com

fruiticana SINCE 1994

BUSINESS HOURS 9 AM - 9 PM 7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |